Fair Advice Financial | Carle Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to$90,000 in government bonds & grants.
Contact : 647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6

ਕੈਨੇਡੀਅਨ
# ਪੰਜਾਬੀ ਪੋਸਟ
Award winning news paper | Canadian Punjabi Post

JOSHI LAW OFFICE
Barrister, Solicitor & Notary Public
- Immigration
- Real Estate
- Commercial Law
- Affidavit
- Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON

Vol 20*Issue 30 Thursday, February 11, 2021 Tel: 905-793-2202 | Fax: 905-793-2282 | news@punjabipost.ca
To view our online newspaper visit punjabipost.ca/epaper THE ONLY DAILY PUNJABI NEWSPAPER ਹੁਣ ਤੁਸੀਂ 'ਪੰਜਾਬੀ ਪੋਸਟ' Onlineਰੋਜ਼ਾਨਾ ਪੜ੍ਹ ਸਕਦੇ ਹੋ

Best Insurance Rates
Auto Home Business
Dir: 647-400-2949
ਕਾਰ ਅਤੇ ਘਰ ਦੀ ਇੰਸ਼ੋਰੈਂਸ ਲਈ ਘੱਟ ਰੇਟ
Discounts upto 35% on Auto & Home
Amanpreet S. Batth
Address: 1550 South Gateway Rd. Suite 220 Mississauga, ON L4W 5G6

NOW HIRING !!!
ALLKIND INSURANCE
- Life Insurance
- Critical illness Ins
- Travel & Visitor Ins
- RESP & TFSA & RRSP
- Super Visa Insurance
- Mortgage Insurance
- Disability Insurance
- Funeral Insurance
SIMRAN SAINI 416.994.7272
www.allkindinsurance.com

INSURANCE
Home, Auto, Business, Trucking, Life Insurance, Commercial
647-206-2452 Sukhwinder K Singh
CONNEX 7050A Bramalea Rd, Unit # 13, Mississauga, ON L5S 1T1

## ਡੈਨਫੋਰਥ ਵਿੱਚ ਸ਼ੂਟਿੰਗ ਮਗਰੋਂ ਇੱਕ ਵਿਅਕਤੀ ਦੀ ਹੋਈ ਮੌਤ



ਟੋਰਾਂਟੋ, 11 ਫਰਵਰੀ (ਪੋਸਟ ਬਿਊਰੋ) : ਮੰਗਲਵਾਰ ਰਾਤ ਨੂੰ ਡੈਨਫੋਰਥ ਦੇ ਪੂਰਬੀ ਹਿੱਸੇ ਵਿੱਚ ਸਥਿਤ ਇੱਕ ਇਮਾਰਤ ਦੇ ਪਾਰਕਿੰਗ ਗੈਰਾਜ ਵਿੱਚ ਚੱਲੀ ਗੋਲੀ ਤੋਂ ਬਾਅਦ ਇੱਕ ਵਿਅਕਤੀ ਦੀ ਮੌਤ ਹੋ ਗਈ।

ਟੋਰਾਂਟੋ ਪੁਲਿਸ ਤੇ ਪੈਰਾਮੈਡਿਕਸ ਨੂੰ ਇਸ ਘਟਨਾ ਦੀ ਖਬਰ ਰਾਤੀਂ 10:30 ਵਜੇ ਮਿਲੀ। ਪੁਲਿਸ ਦਾ ਕਹਿਣਾ ਹੈ ਕਿ ਇੱਕ ਰਾਹਗੀਰ ਨੇ ਹੀ ਇੱਕ ਵਿਅਕਤੀ ਨੂੰ ਜ਼ਖ਼ਮੀ ਹਾਲਤ ਵਿੱਚ ਵੇਖਿਆ। ਜਦੋਂ ਕ੍ਰਿਊ ਮੌਕੇ ਉੱਤੇ ਪਹੁੰਚਿਆ ਤਾਂ ਉਨ੍ਹਾਂ ਨੂੰ ਇੱਕ ਵਿਅਕਤੀ ਬੇਸੁੱਧ ਹਾਲਤ ਵਿੱਚ ਮਿਲਿਆ, ਉਹ ਗੋਲੀਆਂ ਲੱਗਣ ਕਾਰਨ ਗੰਭੀਰ ਰੂਪ ਵਿੱਚ ਜ਼ਖ਼ਮੀ ਸੀ।

ਪੈਰਾਮੈਡਿਕਸ ਨੇ ਉਸ ਵਿਅਕਤੀ ਨੂੰ ਸੀਪੀਆਰ ਦੇਣੀ ਸ਼ੁਰੂ ਕੀਤੀ ਪਰ ਥੋੜ੍ਹੀ ਦੇਰ ਬਾਅਦ ਉਸ ਵਿਅਕਤੀ ਨੂੰ ਮ੍ਰਿਤਕ ਐਲਾਨ ਦਿੱਤਾ ਗਿਆ। ਪੁਲਿਸ ਦਾ ਕਹਿਣਾ ਹੈ ਕਿ ਉਸ ਇਲਾਕੇ ਵਿੱਚੋਂ ਗੋਲੀਆਂ ਦੇ ਖੋਲ ਵੀ ਮਿਲੇ ਤੇ ਹੋਮੀਸਾਈਡ ਯੂਨਿਟ ਵੱਲੋਂ ਇਸ ਮਾਮਲੇ ਦੀ ਜਾਂਚ ਆਪਣੇ ਹੱਥ ਵਿੱਚ ਲੈ ਲਈ ਗਈ ਹੈ। ਹਾਲ ਦੀ ਘੜੀ ਕਿਸੇ ਮਸ਼ਕੂਕ ਬਾਰੇ ਕੋਈ ਜਾਣਕਾਰੀ ਨਹੀਂ ਦਿੱਤੀ ਗਈ।

## ਟਰੂਡੋ ਨਾਲ ਗੱਲਬਾਤ ਵਿਚ ਮੋਦੀ ਨੇ ਕੈਨੇਡਾ ਦੀ ਵੈਕਸੀਨ ਸਬੰਧੀ ਲੋੜ ਪੂਰੀ ਕਰਨ ਦਾ ਦਿਵਾਇਆ ਭਰੋਸਾ



ਓਟਵਾ, 10 ਫਰਵਰੀ (ਪੋਸਟ ਬਿਊਰੋ) : ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨਾਲ ਬੁੱਧਵਾਰ ਨੂੰ ਫੋਨ ਉੱਤੇ ਗੱਲਬਾਤ ਕੀਤੀ। ਇਸ ਦੌਰਾਨ ਮੋਦੀ ਨੇ ਟਰੂਡੋ ਨੂੰ ਭਰੋਸਾ ਦਿਵਾਇਆ ਕਿ ਕੋਵਿਡ-19 ਦੀ ਭਾਰਤ ਵਿੱਚ ਤਿਆਰ ਵੈਕਸੀਨ ਕੈਨੇਡਾ ਨੂੰ ਜਲਦ ਤੋਂ ਜਲਦ ਮੁਹੱਈਆ ਕਰਵਾਉਣ ਦੀ ਕੋਸ਼ਿਸ਼ ਕੀਤੀ ਜਾਵੇਗੀ।

ਦੋਵਾਂ ਆਗੂਆਂ ਨੇ ਵੈਕਸੀਨ ਦੀ ਵੰਡ ਤੇ ਸਪਲਾਈ ਹਾਸਲ ਕਰਨ ਲਈ ਕੌਮਾਂਤਰੀ ਸਹਿਯੋਗ ਦੀ ਲੋੜ ਦੇ ਸਬੰਧ ਵਿੱਚ ਵਿਚਾਰ ਵਟਾਂਦਰਾ ਕੀਤਾ। ਇੱਕ ਟਵੀਟ ਵਿੱਚ ਮੋਦੀ ਨੇ ਆਖਿਆ ਕਿ ਟਰੂਡੋ ਨਾਲ ਹੋਈ ਗੱਲਬਾਤ ਵਿੱਚ ਉਨ੍ਹਾਂ ਭਰੋਸਾ ਦਿਵਾਇਆ ਹੈ ਕਿ ਸੀਰਮ ਇੰਸਟੀਚਿਊਟ ਆਫ ਇੰਡੀਆ ਦੇ ਐਸਟ੍ਰਾਜ਼ੈਨੇਕਾ ਨਾਲ ਵੈਕਸੀਨ ਤਿਆਰ ਕਰਨ ਸਬੰਧੀ ਹੋਏ ਸਮਝੌਤੇ ਤਹਿਤ ਨਾ ਸਿਰਫ ਭਾਰਤ ਦੀ ਲੋੜ ਅਨੁਸਾਰ ਵੈਕਸੀਨ ਤਿਆਰ ਕੀਤੀ ਜਾਵੇਗੀ ਸਗੋਂ ਦੁਨੀਆਂ ਦੇ ਹੋਰਨਾਂ ਦੇਸ਼ਾਂ ਨੂੰ ਵੀ ਵੈਕਸੀਨ ਦਿੱਤੀ ਜਾਵੇਗੀ।

ਹੈਲਥ ਕੈਨੇਡਾ ਵੱਲੋਂ ਐਸਟ੍ਰਾਜ਼ੈਨੇਕਾ ਤੇ ਆਕਸਫੋਰਡ ਯੂਨੀਵਰਸਿਟੀ ਵੱਲੋਂ ਤਿਆਰ ਇਸ ਵੈਕਸੀਨ ਦੀ ਕੈਨੇਡਾ ਵਿੱਚ ਵਰਤੋਂ ਦਾ ਮੁਲਾਂਕਣ ਕੀਤਾ ਜਾ ਰਿਹਾ ਹੈ।ਮੋਦੀ ਦੇ ਆਫਿਸ ਵੱਲੋਂ ਦਿੱਤੀ ਗਈ ਜਾਣਕਾਰੀ ਅਨੁਸਾਰ ਟਰੂਡੋ ਨੇ ਮੋਦੀ ਨਾਲ ਕੀਤੀ ਗੱਲਬਾਤ ਦੌਰਾਨ ਵੈਕਸੀਨ ਸਬੰਧੀ ਕੈਨੇਡਾ ਦੀ ਲੋੜ ਤੋਂ ਪ੍ਰਧਾਨ ਮੰਤਰੀ ਨੂੰ ਜਾਣੂ ਕਰਵਾਇਆ ਤੇ ਕੈਨੇਡਾ ਦੀਆਂ ਵੈਕਸੀਨ ਸਬੰਧੀ ਕੀਤੀਆਂ ਜਾ ਰਹੀਆਂ ਕੋਸ਼ਿਸ਼ਾਂ ਦੇ ਮੋਦੀ ਵੱਲੋਂ ਕੀਤੇ ਸਮਰਥਨ ਦਾ ਧੰਨਵਾਦ ਕੀਤਾ।

## ਓਟੂਲ ਨੇ ਸ਼ੈਡੋ ਕੈਬਨਿਟ ਵਿੱਚ ਕੀਤੀ ਫੇਰਬਦਲ



ਓਟਵਾ, 10 ਫਰਵਰੀ (ਪੋਸਟ ਬਿਊਰੋ) : ਕੰਜ਼ਰਵੇਟਿਵ ਆਗੂ ਐਰਿਨ ਓਟੂਲ ਵੱਲੋਂ ਆਪਣੇ ਸ਼ੈਡੋ ਕੈਬਨਿਟ ਵਿੱਚ ਕੁੱਝ ਫੇਰਬਦਲ ਕੀਤੇ ਗਏ ਹਨ। ਅਜਿਹਾ ਕਰਕੇ ਓਟੂਲ ਪਾਰਟੀ ਦੀਆਂ ਉਨ੍ਹਾਂ ਯੋਜਨਾਂਵਾਂ ਵੱਲ ਧਿਆਨ ਦਿਵਾਉਣਾ ਚਾਹੁੰਦੇ ਹਨ ਜਿਨ੍ਹਾਂ ਵਿੱਚ ਅਜਿਹੀ ਸਰਕਾਰ ਦੀ ਚੋਣ ਦੀ ਅਹਿਮੀਅਤ ਦਰਸਾਈ ਗਈ ਹੈ ਜਿਹੜੀ ਮਹਾਂਮਾਰੀ ਤੋਂ ਬਾਅਦ ਕੈਨੇਡੀਅਨ ਅਰਥਚਾਰੇ ਨੂੰ ਮੁੜ ਪੈਰਾਂ ਸਿਰ ਕਰਨ ਨੂੰ ਤਰਜੀਹ ਦੇਵੇ।ਇਸ ਫੇਰਬਦਲ ਵਿੱਚ ਕਈ ਐਮਪੀਜ਼ ਨੂੰ ਮੁੜ ਅਸਾਈਨ ਕੀਤਾ ਗਿਆ ਹੈ ਤੇ ਕੁੱਝ ਨਵੇਂ ਚਿਹਰਿਆਂ ਨੂੰ ਵੀ ਸ਼ੈਡੋ ਕੈਬਨਿਟ ਵਿੱਚ ਸ਼ਾਮਲ ਕੀਤਾ ਗਿਆ ਹੈ। ...ਬਾਕੀ ਪੰਨਾ 2 'ਤੇ

AUTO & HOME INSURANCE
- Super visa Insurance
- Life & Disability
- Critical illness
- RESP
- Visitor & Travel insurance
(416-845-1352)
Manwinder Mangat Broker
Aaxel InsuranceBrokers Ltd. 1332 Khalsa Dr, Unit # 11, Mississauga, ON L5S 0A2

## 3 ਬੱਚਿਆਂ ਤੇ ਉਨ੍ਹਾਂ ਦੇ ਗ੍ਰੈਂਡਫਾਦਰ ਦੀ ਜਾਨ ਲੈਣ ਵਾਲੇ ਮਾਰਕੋ ਮੁਜ਼ੋ ਦੀ ਫੁੱਲ ਪੈਰੋਲ ਮਨਜ਼ੂਰ



ਟੋਰਾਂਟੋ, 10 ਫਰਵਰੀ(ਪੋਸਟ ਬਿਊਰੋ) : 2015 ਵਿੱਚ ਸ਼ਰਾਬ ਪੀ ਕੇ ਗੱਡੀ ਚਲਾਉਣ ਤੇ ਤਿੰਨ ਬੱਚਿਆਂ ਤੇ ਉਨ੍ਹਾਂ ਦੇ ਗ੍ਰੈਂਡਫਾਦਰ ਦੀ ਜਾਨ ਲੈਣ ਵਾਲੇ ਮਾਰਕੋ ਮੁਜ਼ੋ ਦੀ ਫੁੱਲ ਪੈਰੋਲ ਮਨਜ਼ੂਰ ਕਰ ਲਈ ਗਈ ਹੈ।

ਦ ਪੈਰੋਲ ਬੋਰਡ ਆਫ ਕੈਨੇਡਾ ਵੱਲੋਂ ਮੰਗਲਵਾਰ ਨੂੰ ਵਰਚੂਅਲ ਸੁਣਵਾਈ ਦੌਰਾਨ ਇਹ ਫੈਸਲਾ ਸੁਣਾਇਆ। ਵੀਡੀਓ ਕਾਨਫਰੰਸ ਰਾਹੀਂ ਬੋਰਡ ਸਾਹਮਣੇ ਪੇਸ਼ ਹੋਏ ਮੁਜ਼ੋ ਨੇ ਕਾਲੇ ਰੰਗ ਦੀ ਸ਼ਰਟ, ਫੇਸ ਮਾਸਕ ਤੇ ਸ਼ੀਲਡ ਪਾਈ ਹੋਈ ਸੀ।ਉਸ ਨੇ ਹਾਦਸੇ ਦਾ ਸ਼ਿਕਾਰ ਹੋਏ ਲੋਕਾਂ ਦਾ ਨਾਂ ਪਹਿਲੀ ਵਾਰੀ ਲੈਂਦਿਆਂ ਆਖਿਆ ਕਿ ਉਹ ਉਨ੍ਹਾਂ ਲਈ ਅਰਦਾਸ ਕਰਦਾ ਹੈ, ਉਸ ਦਾ ਮਨ ਖੂਨ ਦੇ ਹੰਝੂ ਕੇਰਦਾ ਹੈ। ਉਸ ਨੂੰ ਅਹਿਸਾਸ ਹੈ ਕਿ ਉਸ ਨੇ ਤਿੰਨ ਪਿਆਰੇ ਬੱਚਿਆਂ ਡੈਨੀਅਲ, ਹੈਰੀ ਤੇ ਮਿਲੀ ਦੇ ਨਾਲ ਨਾਲ ਉਨ੍ਹਾਂ ਦੇ ਗ੍ਰੈਂਡਫਾਦਰ ਗੈਰੀ ਦੀਆਂ ਜਾਨਾਂ ਲੈ ਲਈਆਂ।

ਮਾਰੇ ਗਏ ਬੱਚਿਆਂ ਦੀ ਮਾਂ ਜੈਨੀਫਰ ਨੈਵਿਲ-ਲੇਕ ਵੱਲੋਂ ਪੜ੍ਹੇ ਗਏ ਬਿਆਨ ਤੋਂ ਬਾਅਦ ਮੁਜ਼ੋ ਨੇ ਆਪਣਾ ਬਿਆਨ ਪੜ੍ਹਿਆ। 34 ਸਾਲਾਂ ਨੂੰ ਢੁੱਕੇ ਮੁਜ਼ੋ ਨੂੰ ਅਪਰੈਲ 2020 ਵਿੱਚ ਪਹਿਲੀ ਵਾਰੀ ਡੇਅ ਪੈਰੋਲ ਦਿੱਤੀ ਗਈ ਸੀ। ਫਿਰ ਉਸ ਨੂੰ ਨਵੰਬਰ ਵਿੱਚ ਛੇ ਮਹੀਨਿਆਂ ਲਈ ਹੋਰ ਡੇਅ ਪੈਰੋਲ ਦਿੱਤੀ ਗਈ। ਜਦੋਂ ਇਹ ਹਾਦਸਾ ਹੋਇਆ ਉਸ ਸਮੇਂ ਮੁਜ਼ੋ ਟੋਰਾਂਟੋ ਪੀਅਰਸਨ ਇੰਟਰਨੈਸ਼ਨਲ ਏਅਰਪੋਰਟ ਤੋਂ ਆਪਣੇ ਘਰ ਪਰਤ ਰਿਹਾ ਸੀ। ਉਹ ਮਾਇਆਮੀ ਤੋਂ ਆਪਣੀ ਬੈਚਲਰ ਪਾਰਟੀ ਦੇ ਜਸ਼ਨ ਮਨਾ ਕੇ ਪਰਤਿਆ ਸੀ।

ਮੁਜ਼ੋ ਆਪਣੀ ਜੀਪ ਵਿੱਚ ਵਾਪਿਸ ਆ ਰਿਹਾ ਸੀ ਕਿ ਇੱਕ ਸਟੌਪ ਸਾਈਨ ਉੱਤੇ ਨਾ ਰੁਕਦਿਆਂ ਹੋਇਆਂ ਉਸ ਨੇ ਆਪਣੀ ਗੱਡੀ ਦੀ ਰਫਤਾਰ ਤੇਜ਼ ਕਰ ਦਿੱਤੀ ਤੇ ਇਸ ਪਰਿਵਾਰ ਦੀ ਮਿਨੀ ਵੈਨ ਨਾਲ ਜਾ ਟਕਰਾਇਆ। ਬੱਚਿਆਂ ਦੀ 64 ਸਾਲਾ ਗ੍ਰੈਂਡਮਦਰ ਤੇ 91 ਸਾਲਾ ਗ੍ਰੇਟ ਗੈਂਡਮਦਰ ਵੀ ਗੱਡੀ ਵਿੱਚ ਹੀ ਮੌਜੂਦ ਸਨ ਤੇ ਉਹ ਵੀ ਗੰਭੀਰ ਰੂਪ ਵਿੱਚ ਜ਼ਖ਼ਮੀ ਹੋ ਗਈਆਂ।ਪ੍ਰਾਪਤ ਜਾਣਕਾਰੀ ਅਨੁਸਾਰ ਮੌਕੇ ਉੱਤੇ ਪਹੁੰਚੇ ਪੁਲਿਸ ਅਧਿਕਾਰੀ ਨੇ ਪਾਇਆ ਕਿ ਮੁਜ਼ੋ ਦੀਆਂ ਅੱਖਾਂ ਨਸ਼ੀਲੀਆਂ ਸਨ, ਉਸ ਨੇ ਸ਼ਰਾਬ ਪੀਤੀ ਹੋਈ ਸੀ ਤੇ ਉਸ ਨੇ ਆਪਣੀ ਪੈਂਟ ਵਿੱਚ ਹੀ ਪਿਸ਼ਾਬ ਵੀ ਕੀਤਾ ਹੋਇਆ ਸੀ।

## ਜੀਟੀਏ ਵਿੱਚ ਡਿੱਗ ਸਕਦਾ ਹੈ ਪਾਰਾ



ਓਨਟਾਰੀਓ, 10 ਫਰਵਰੀ (ਪੋਸਟ ਬਿਊਰੋ): ਜੇ ਤੁਹਾਨੂੰ ਲੱਗ ਰਿਹਾ ਹੈ ਕਿ ਸੋਮਵਾਰ ਨੂੰ ਜੀਟੀਏ ਵਿੱਚ ਬਹੁਤ ਠੰਢ ਹੈ ਤਾਂ ਜ਼ਰਾ ਰੁਕ ਜਾਓ। ਇਨ੍ਹਾਂ ਸਿਆਲਾਂ ਵਿੱਚ ਸੱਭ ਤੋਂ ਵੱਧ ਠੰਢ ਤਾਂ ਅਜੇ ਆਉਣੀ ਬਾਕੀ ਹੈ। ਇਸ ਪੂਰੇ ਹਫਤੇ ਦੱਖਣੀ ਓਨਟਾਰੀਓ ਵਿੱਚ ਆਰਕਟਿਕ ਏਅਰ ਚੱਲਣ ਦੀ ਸੰਭਾਵਨਾ ਹੈ ਤੇ ਜਿਸ ਨਾਲ ਤਾਪਮਾਨ ਕਿਤੇ ਜ਼ਿਆਦਾ ਡਿੱਗ ਜਾਵੇਗਾ। ਇਸੇ ਆਰਕਟਿਕ ਏਅਰ ਕਾਰਨ ਪ੍ਰੇਰੀਜ਼ ਤੇ ਉੱਤਰੀ ਓਨਟਾਰੀਓ ਵਿੱਚ ਹੱਦੋਂ ਵੱਧ ਠੰਢ ਵਧਣ ਦੀ ਸੰਭਾਵਨਾ ਹੈ।

ਮੌਸਮ ਵਿਗਿਆਨੀਆਂ ਦਾ ਕਹਿਣਾ ਹੈ ਕਿ ਤਾਪਮਾਨ ਬੁੱਧਵਾਰ ਤੋਂ ਡਿੱਗਣਾ ਸ਼ੁਰੂ ਹੋਵੇਗਾ ਪਰ ਸ਼ੁੱਕਰਵਾਰ ਤੱਕ ਇਸ ਹਫਤੇ ਦਾ ਸੱਭ ਤੋਂ ਠੰਢਾ ਦਿਨ ਮਿਲ ਜਾਵੇਗਾ। ਠੰਢੀ ਹਵਾ ਤੇ ਤੇਜ਼ ਹਵਾਵਾਂ ਨਾਲ ਜੀਟੀਏ ਲੇਕ ਵਿੱਚ ਬਰਫ ਜੰਮਣ ਦੀ ਵੀ ਸੰਭਾਵਨਾ ਹੈ। ਇਸ ਤਰ੍ਹਾਂ ਦਾ ਮੌਸਮ ਅਕਸਰ ਸਰਦੀਆਂ ਦੇ ਅੰਤ ਤੇ ਸਿਆਲਾਂ ਦੇ ਸ਼ੁਰੂ ਵਿੱਚ ਰਹਿੰਦਾ ਹੈ। ਦਿਨ ਵੇਲੇ ਦਾ ਤਾਪਮਾਨ ਮਨਫੀ 10 ਡਿਗਰੀ ਤੱਕ ਪਹੁੰਚਣ ਦੀ ਸੰਭਾਵਨਾ ਹੈ।

ਹੁਣ ਤੱਕ ਪੀਅਰਸਨ ਏਅਰਪੋਰਟ ਉੱਤੇ ਸੱਭ ਤੋਂ ਠੰਢਾ ਦਿਨ ਜਿਹੜਾ ਦਰਜ ਕੀਤਾ ਗਿਆ ਹੈ ਉਹ ਹੈ 28 ਜਨਵਰੀ ਤੇ ਉਸ ਦਿਨ ਤਾਪਮਾਨ ਮਨਫੀ 7•8 ਡਿਗਰੀ ਦਰਜ ਕੀਤਾ ਗਿਆ ਸੀ।ਬੁੱਧਵਾਰ ਸਵੇਰ ਨੂੰ ਬਰੂਸ ਪੈਨਿਨਸੁਲਾ ਵਿੱਚ ਮਿਡਲੈਂਡ ਤੋਂ ਪੋਰਟ ਕਾਰਲਿੰਗ ਵਿੱਚ 10 ਤੋਂ 15 ਸੈਂਟੀਮੀਟਰ ਬਰਫਬਾਰੀ ਹੋਣ ਦੀ ਸੰਭਾਵਨਾ ਹੈ।

SOS IMMIGRATION & SETTLEMENT SERVICES
ਸਾਡੇ ਕੋਲ ਤੁਹਾਡੀਆਂ ਸਾਰੀਆਂ ਇਮੀਗ੍ਰੇਸ਼ਨ ਮਾਮਲਿਆਂ ਦਾ ਹੱਲ ਹੈ
- Student Visa / Study Permit
- LMIA / Work permit
- Permanent Residency
- Family Sponsorship
- Nanny
- Visitor Visa
- Business Immigration
Call us for Professional, Reliable & High Quality Services
Rahul Sagar 647-780-2022
120 Woodstream Blvd, Woodbridge, ON, L4L 7Z1
Lic # R534503

ALL KINDS OF IMMIGRATION SERVICES
iccrc crcic
Call: 416 278 4449 204 295 4449
World Gateway Immigration Company since 2010
Get PERMANENT RESIDENCY
If You are on Work Permit/Visitor in Canada
ZORA KAINTH DIRECTOR Member of ICCRC Oath commissioner of Manitoba
Toronto: 149-2960 Drew Road, Mississauga Winnipeg: 678 McphillipsStreet, Winnipeg

Law Office of Aman Sharma
- Real Estate - Commercial Lease
- Business Purchase & Sale
- Notarizations & Affidavits
- Wills & Power Of Attorney
Fax: 905-913-2344 Tel: 905-913-2355
25 Cherrycrest Drive, Unit # 6 Brampton, ON, L6P 3W4
Aman Sharma Open Saturday
Providing excellent quality legal services to our clients

Canada Consumer Credit Assistance ਕਰਜ਼ਾ ਰਹਿਤ ਜਿੰਦਗੀ ਜੀਓ
- ਪਾਵਰ ਆਫ ਸੇਲ ਨੋਟਿਸ ?
- ਗਾਰਨਿਸ਼ਮੈਂਟ?
- ਬੈਂਕ ਵਲੋਂ ਪੈਸੇ ਦੀ ਮੰਗ ?
- ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
Late Evening and Weekends Appointments Available 1888 864 3131
Jasbir Singh Hundal Qualified Credit Counsellor
www.MakeMeDebtFree.ca 416-502-3100 Unit #20 - 7015 Tranmere Drive Mississauga, ON L5S 1T7

HELPING YOU PLAN TODAY...FOR TOMORROW
- Supervisa / Visitor Insurance
- Life /Mortgage/Funeral Insurance
- Disability Insurance
- Critical Illness Insurance
- RESP /RRSP
www.ufsinsurance.com
JATINDERBIR S BAJWA Insurance Broker
Dir:647-928-4990
# 25-831 Bovarid Dr. W. Brampton, ON L6X0T9 | www.ufsinsurance.com

PEST PROBLEM ? Residential & Commercial
100% Customer Satisfaction
All Pest Control
MICE, COCKROACH, BEDBUG & ALL COMMON BUGS
AFFORDABLE & RELIABLE
647.990.3205
KSG Pest Control Inc.
Residential, Commercial
www.ksgpestcontrol.ca
ksgpestcontrol@gmail.com
Amarjeet Singh Gill Certified & Licenced Exterminator

Royal Pest Control
Residential Commercial Industrial
Specialist in Bedbugs Service
All Pest Control :
- Mouse & Rats
- Cockroaches
- Spiders & Fleas
- Carpenter Ants
- Bedbugs
- Silver Fish
- Wasps
- Racoons
Call : PARESH PATEL (Government Approved Licensed Technician)
416 938 4598

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre 25
AvonFinancial Inc. Brokerage Lic. 12538
Cell: 416-841-4218 Tel: 905-216-5563
Harpreet Singh Goraya Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

PROTECT YOUR HOME FROM PESTS
Pest Control
100% Success rate for bed bug Treatment
Low Rates/Excellent Pest Control Services
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE
A-Z Pest Control Inc.
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

SEHMBI RENOVATIONS
ਰੈਨੋਵੇਸ਼ਨ ਦੇ ਕਿਸੇ ਵੀ ਕੰਮ ਲਈ ਸਾਡੀਆਂ ਪਰੋਫੈਸ਼ਨਲ ਤੇ ਭਰੋਸੇਯੋਗ ਸੇਵਾਵਾ ਦਾ ਲਾਭ ਉਠਾਓ
- Custom Kitchen Cabinets
- Legal Basement
- Completly Furnished
- Painting & Flooring
ਵਾਜਿਬ ਕੀਮਤ ਤੇ ਸਮੇਂ ਸਿਰ ਕੰਮ
Jaswant Sehmbi: 647.524.0885

KELLEY LAW OFFICE
- Immigration
- Family Law
- Corporate
- Real Estate
- Business Closing
- Wills & Estate
- Power of Attorney/Affidavit /Attestations
www.kelleylawoffice.ca | info@kelleylawoffice.ca
ਇੱਥੇ ਹਰ ਤਰ੍ਹਾਂ ਦੇ ਇਮੀਗਰੇਸ਼ਨ, ਰੀਅਲ ਅਸਟੇਟ, ਬਿਜਨਸ ਲਾਅ, ਕੋਰਪੋਰੇਟ, ਫੈਮਲੀ ਲਾਅ, ਵਸੀਅਤਨਾਮੇ, ਪਾਵਰ ਆਫ ਅਟੋਰਨੀ, ਰਾਹਦਾਰੀ ਅਤੇ ਹੋਰ ਕਾਨੂੰਨੀ ਸਲਾਹ ਮਸ਼ਵਰੇ ਲਈ ਫੋਨ ਕਰੋ!
1200 Derry Road E, #15, Mississauga, ON L5T 0B3
Shinder Kelley Barrister, Solicitor & Notary Public
905-362-0755

MANN LAW FIRM
- Real Estate Law
- Wills & Estates
- Power of Attorney
- Affidavits Notarization / Declaration
- Business Law
- Family Law
- Civil Litigation
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca

CN Forklift Training Center
Counterbalance All Types | Walkie pallet Low Lift | Electric Motor Narrow Aisle Reach | Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan Certified Instructor

# ਟੈਕਸੀ ਸਕੈਮ ਬਾਰੇ ਟੋਰਾਂਟੋ ਪੁਲਿਸ ਵੱਲੋਂ ਚੇਤਾਵਨੀ

ਟੋਰਾਂਟੋ, 10 ਫਰਵਰੀ (ਪੋਸਟ ਬਿਊਰੋ) : ਟੋਰਾਂਟੋ ਪੁਲਿਸ ਵੱਲੋਂ ਸਾਰਿਆਂ ਨੂੰ ਇੱਕ ਟੈਕਸੀ ਸਕੈਮ ਬਾਰੇ ਚੇਤਾਵਨੀ ਦਿੱਤੀ ਜਾ ਰਹੀ ਹੈ ਜੋ ਕਿ ਅੱਜਕੱਲ੍ਹ ਟੋਰਾਂਟੋ ਵਿੱਚ ਪੂਰੀ ਤਰ੍ਹਾਂ ਸਰਗਰਮ ਹੈ।

ਪੁਲਿਸ ਦਾ ਕਹਿਣਾ ਹੈ ਕਿ ਇਸ ਵਿੱਚ ਇੱਕ ਵਿਅਕਤੀ ਕੈਬ ਡਰਾਈਵਰ ਬਣਦਾ ਹੈ ਤੇ ਦੂਜਾ ਕਸਟਮਰ ਬਣਦਾ ਹੈ। ਜਾਅਲੀ ਕਸਟਮਰ ਕਿਸੇ ਕੋਲ ਪਹੁੰਚ ਕਰਕੇ ਉਸ ਨੂੰ ਆਪਣਾ ਕਿਰਾਇਆ ਦੇਣ ਵਿੱਚ ਮਦਦ ਕਰਨ ਲਈ ਆਖਦਾ ਹੈ ਤੇ ਉਸ ਨੂੰ ਕਾਰਨ ਇਹ ਦੱਸਿਆ ਜਾਂਦਾ ਹੈ ਕਿ ਕੋਵਿਡ-19 ਕਾਰਨ ਡਰਾਈਵਰ ਨੇ ਨਕਦ ਕਿਰਾਇਆ ਲੈਣ ਤੋਂ ਇਨਕਾਰ ਕਰ ਦਿੱਤਾ। ਫਿਰ ਉਹ ਮਦਦ ਕਰਨ ਵਾਲੇ ਵਿਅਕਤੀ ਨੂੰ ਕੈਸ਼ ਬਦਲੇ ਪੈਸੇ ਦੇਣ ਲਈ ਆਪਣੇ ਡੈਬਿਟ ਜਾਂ ਕ੍ਰੈਡਿਟ ਕਾਰਡ ਦੀ ਵਰਤੋਂ ਕਰਨ ਲਈ ਆਖਦੇ ਹਨ।

ਫਿਰ ਮਦਦ ਕਰਨ ਵਾਲਾ ਸੇਲ ਟਰਮੀਨਲ ਵਾਲੇ ਸੋਧੇ ਹੋਏ ਪੁਆਇੰਟ ਉੱਤੇ ਉਸ ਵਿਅਕਤੀ ਨੂੰ ਆਪਣਾ ਪਿੰਨ ਭਰਨ ਲਈ ਆਖਦਾ ਹੈ ਤੇ ਡਿਵਾਈਸ ਕਾਰਡ ਦਾ ਡਾਟਾ ਤੇ ਪਿੰਨ ਰਿਕਾਰਡ ਕਰ ਲੈਂਦੀ ਹੈ। ਇਸ ਲੈਣ ਦੇਣ ਤੋਂ ਬਾਅਦ ਮਦਦ ਕਰਨ ਵਾਲੇ ਨੂੰ ਉਸ ਦੇ ਬੈਂਕ ਕਾਰਡ ਨਾਲ ਮੇਲ ਖਾਂਦਾ ਕਾਰਡ ਮੋੜ ਦਿੱਤਾ ਜਾਂਦਾ ਹੈ ਜਿਹੜਾ ਉਸ ਨੇ ਵਰਤਿਆ ਹੁੰਦਾ ਹੈ।

ਫਿਰ ਫਰਾਡ ਕਰਨ ਵਾਲਿਆਂ ਕੋਲ ਉਸ ਵਿਅਕਤੀ ਦਾ ਅਸਲ ਡੈਬਿਟ ਕਾਰਡ ਆ ਜਾਂਦਾ ਹੈ ਤੇ ਉਹ ਮਨਮਰਜ਼ੀ ਨਾਲ ਉਸ ਦੀ ਵਰਤੋਂ ਖਰੀਦਦਾਰੀ ਕਰਨ ਤੇ ਪੈਸੇ ਕਢਵਾਉਣ ਲਈ ਕਰਦੇ ਹਨ। ਪੁਲਿਸ ਵੱਲੋਂ ਲੋਕਾਂ ਨੂੰ ਇਹ ਚੇਤਾਵਨੀ ਦਿੱਤੀ ਜਾ ਰਹੀ ਹੈ ਕਿ ਕਿਸੇ ਵੀ ਅਣਪਛਾਤੇ ਵਿਅਕਤੀ ਲਈ ਕਿਸੇ ਵੀ ਤਰ੍ਹਾਂ ਦੀ ਅਦਾਇਗੀ ਨਾ ਕੀਤੀ ਜਾਵੇ ਤੇ ਕੈਸ਼ ਬਦਲੇ ਕਿਸੇ ਨੂੰ ਆਪਣਾ ਨਿਜੀ ਕਾਰਡ ਨਾ ਵਰਤਣ ਦਿੱਤਾ ਜਾਵੇ।

# ਓਟੂਲ ਨੇ ਸ਼ੈਡੋ ਕੈਬਨਿਟ ਵਿੱਚ ਕੀਤੀ ਫੇਰਬਦਲ

.....ਪੰਨਾ 1 ਦਾ ਬਾਕੀ

ਐਬਸਫੋਰਡ, ਬੀਸੀ ਤੋਂ ਐਮਪੀ ਐਡ ਫਾਸਟ ਨੂੰ ਵਿੱਤ ਕ੍ਰਿਟਿਕ ਦਾ ਅਹੁਦਾ ਦਿੱਤਾ ਗਿਆ ਹੈ, ਕਾਰਲਟਨ, ਓਨਟਾਰੀਓ ਤੋਂ ਐਮਪੀ ਪਿਏਰੇ ਪੋਇਲਿ-ਵਰ ਨੂੰ ਫਾਇਨਾਂਸ ਦੀ ਥਾਂ ਜੌਬਜ਼ ਐਂਡ ਇੰਡਸਟਰੀ ਕ੍ਰਿਟਿਕ ਥਾਪਿਆ ਗਿਆ ਹੈ। ਇਥੇ ਦੱਸਣਾ ਬਣਦਾ ਹੈ ਕਿ ਫਾਸਟ ਸਾਬਕਾ ਪ੍ਰਧਾਨ ਮੰਤਰੀ ਸਟੀਫਨ ਹਾਰਪਰ ਦੇ ਮੰਤਰੀ ਮੰਡਲ ਵਿੱਚ ਕੌਮਾਂਤਰੀ ਟਰੇਡ ਮੰਤਰੀ ਸਨ ਤੇ ਉਹ ਉਸ ਸਮੇਂ ਸੁਰਖੀਆਂ ਵਿੱਚ ਆਏ ਸਨ ਜਦੋਂ ਉਨ੍ਹਾਂ ਐਂਡਰਿਊ ਸ਼ੀਅਰ ਦੀ ਅਗਵਾਈ ਵਿੱਚ ਕ੍ਰਿਟਿਕ ਦੀ ਭੂਮਿਕਾ ਨਿਭਾਉਣ ਤੋਂ ਮਨ੍ਹਾਂ ਕਰ ਦਿੱਤਾ ਸੀ।

ਪਾਰਟੀ ਦੀ ਪਿੱਛੇ ਜਿਹੇ ਹੋਈ ਲੀਡਰਸ਼ਿਪ ਦੌੜ ਵਿੱਚ ਪਿੱਛੇ ਰਹਿਣ ਵਾਲੇ ਪੋਇਲਿਵਰ ਨੇ ਹਮੇਸ਼ਾਂ ਕੰਜ਼ਰਵੇਟਿਵ ਕਾਕਸ ਵੱਲੋਂ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦੀ ਸਰਕਾਰ ਦੀਆਂ ਨੀਤੀਆਂ ਦੀ ਕੀਤੀ ਜਾਣ ਵਾਲੀ ਨੁਕਤਾਚੀਨੀ ਵਿੱਚ ਮੂਹਰੇ ਰਹਿ ਕੇ ਹਿੱਸਾ ਲਿਆ। ਓਟੂਲ ਨੇ ਕੋਵਿਡ-19 ਇਕਨੌਮਿਕ ਰਿਕਵਰੀ ਨੂੰ ਧਿਆਨ ਵਿੱਚ ਰੱਖਦਿਆਂ ਹੋਇਆਂ ਵਿਸ਼ੇਸ਼ ਕ੍ਰਿਟਿਕ ਦਾ ਅਹੁਦਾ ਕਾਇਮ ਕੀਤਾ ਹੈ ਜਿਸ ਦੀ ਜ਼ਿੰਮੇਵਾਰੀ ਐਡਮੰਟਨ ਸੈਂਟਰ, ਅਲਬਰਟਾ ਤੋਂ ਐਮਪੀ ਜੇਮਜ਼ ਕਮਿੰਗ ਨੂੰ ਦਿੱਤੀ ਜਾਵੇਗੀ। ਇਸ ਤੋਂ ਇਲਾਵਾ ਫਿਊਚਰ ਵਰਕਫੋਰਸ ਡਿਵੈਲਪਮੈਂਟ ਦਾ ਅਹੁਦਾ ਕਿਲਡੋਨੈਨ-ਸ਼ੇਅ ਪਾਲ, ਮੈਨੀਟੋਬਾ ਤੋਂ ਐਮਪੀ ਰੈਕੁਅਲ ਡੈਂਚੋ ਸਾਂਭਣਗੇ।

ਇੱਕ ਬਿਆਨ ਵਿੱਚ ਓਟੂਲ ਨੇ ਆਖਿਆ ਕਿ ਕੈਨੇਡੀਅਨ ਆਪਣੇ ਆਰਥਿਕ ਭਵਿੱਖ ਨੂੰ ਲੈ ਕੇ ਚਿੰਤਤ ਹਨ। ਉਨ੍ਹਾਂ ਆਖਿਆ ਕਿ ਸਾਡੀ ਟੀਮ ਮਹਾਂਮਾਰੀ ਤੋਂ ਬਾਅਦ ਅਰਥਚਾਰੇ ਨੂੰ ਲੀਹ ਉੱਤੇ ਲਿਆਉਣ ਵੱਲ ਧਿਆਨ ਕੇਂਦਰਿਤ ਕਰਕੇ ਕੈਨੇਡੀਅਨਾਂ ਨੂੰ ਮੁੜ ਕੰਮ ਧੰਦੇ ਉੱਤੇ ਲਾਉਣ ਲਈ ਪੂਰਾ ਜ਼ੋਰ ਲਾਵੇਗੀ। ਲੰਮੇਂ ਸਮੇਂ ਤੋਂ ਕੰਜ਼ਰਵੇਟਿਵ ਐਮਪੀਜ਼ ਰਹੇ ਪੀਟਰ ਕੈਂਟ ਤੇ ਕੈਥੀ ਮੈਕਲਿਓਡ ਵੱਲੋਂ ਅਗਲੀਆਂ ਫੈਡਰਲ ਚੋਣਾਂ ਵਿੱਚ ਹਿੱਸਾ ਨਾ ਲੈਣ ਸਬੰਧੀ ਪਹਿਲਾਂ ਹੀ ਕੀਤੇ ਜਾ ਚੁੱਕੇ ਐਲਾਨ ਨੂੰ ਧਿਆਨ ਵਿੱਚ ਰੱਖਦਿਆਂ ਉਨ੍ਹਾਂ ਦੀਆਂ ਭੂਮਿਕਾਵਾਂ ਕਿਸੇ ਹੋਰ ਨੂੰ ਸੌਂਪਣ ਲਈ ਵੀ ਇਹ ਫੇਰਬਦਲ ਕੀਤਾ ਗਿਆ ਹੈ।

# ਸਿਟੀਜ਼ ਲਈ ਪਬਲਿਕ ਟਰਾਂਜ਼ਿਟ ਫੰਡਿੰਗ ਦਾ ਟਰੂਡੋ ਨੇ ਪ੍ਰਗਟਾਇਆ ਤਹੱਈਆ



ਓਟਵਾ, 10 ਫਰਵਰੀ (ਪੋਸਟ ਬਿਊਰੋ) : ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦਾ ਕਹਿਣਾ ਹੈ ਕਿ ਦੇਸ਼ ਭਰ ਵਿੱਚ ਪਬਲਿਕ ਟਰਾਂਜ਼ਿਟ ਪ੍ਰੋਜੈਕਟਸ ਲਈ ਫੈਡਰਲ ਸਰਕਾਰ 15 ਬਿਲੀਅਨ ਡਾਲਰ ਮੁਹੱਈਆ ਕਰਾਵੇਗੀ ਹਾਲਾਂਕਿ ਬਹੁਤਾ ਪੈਸਾ ਇਸ ਦਹਾਕੇ ਦੇ ਅੰਤ ਤੱਕ ਨਹੀਂ ਆਉਣ ਵਾਲਾ।

ਟਰੂਡੋ ਨੇ ਆਖਿਆ ਕਿ ਵਾਅਦੇ ਮੁਤਾਬਕ ਨਵੇਂ ਪਬਲਿਕ ਟਰਾਂਜ਼ਿਟ ਫੰਡਿੰਗ ਲਈ 14.9 ਬਿਲੀਅਨ ਡਾਲਰ ਦੀ ਇਹ ਰਕਮ ਅੱਠ ਸਾਲਾਂ ਦੇ ਅਰਸੇ ਵਿੱਚ ਵੰਡੀ ਜਾਵੇਗੀ ਤੇ ਇਹ ਰਕਮ 2026 ਤੋਂ ਮਿਲਣੀ ਸ਼ੁਰੂ ਹੋਵੇਗੀ। ਸਾਲ ਦਾ 3 ਬਿਲੀਅਨ ਡਾਲਰ ਦਾ ਸਥਾਈ ਪਬਲਿਕ ਟਰਾਂਜ਼ਿਟ ਫੰਡ 2026-27 ਵਿੱਚ ਸ਼ੁਰੂ ਹੋਵੇਗਾ। ਇਸ ਤਰ੍ਹਾਂ ਦੀ ਸਥਿਰ ਫੰਡਿੰਗ ਦੀ ਸਿਟੀਜ਼ ਵੱਲੋਂ ਲੰਮੇਂ ਸਮੇਂ ਤੋਂ ਮੰਗ ਕੀਤੀ ਜਾ ਰਹੀ ਸੀ। ਫੈਡਰੇਸ਼ਨ ਆਫ ਕੈਨੇਡੀਅਨ ਮਿਊਂਸਪੈਲਿਟੀਜ਼ ਵੱਲੋਂ ਸਰਕਾਰ ਦੇ ਇਸ ਫੈਸਲੇ ਦੀ ਸ਼ਲਾਘਾ ਕੀਤੀ ਜਾ ਰਹੀ ਹੈ।

ਇਨ੍ਹਾਂ ਨਵੇਂ ਫੰਡਾਂ ਨਾਲ ਸਿਟੀਜ਼ ਨੂੰ ਆਪਣੀਆਂ ਲੰਮੇਂ ਸਮੇਂ ਤੋਂ ਰੁਕੀਆਂ ਹੋਈਆਂ ਯੋਜਨਾਵਾਂ ਨੂੰ ਪੂਰਾ ਕਰਨ ਵਿੱਚ ਮਦਦ ਮਿਲੇਗੀ ਜਦਕਿ ਕੈਨੇਡੀਅਨ ਨੂੰ ਦੂਰ ਨੇੜੇ ਆਉਣਾ ਜਾਣਾ ਸੌਖਾ ਹੋ ਜਾਵੇਗਾ ਤੇ ਕਲਾਈਮੇਟ ਚੇਂਜ ਨਾਲ ਲੜਨਾ ਵੀ ਸੁਖਾਲਾ ਹੋ ਜਾਵੇਗਾ। ਟਰੂਡੋ ਨੇ ਆਖਿਆ ਕਿ ਇਸ ਤਰ੍ਹਾਂ ਦੇ ਨਿਵੇਸ਼ ਨਾਲ ਕੈਨੇਡਾ ਆਪਣੇ ਕਲਾਈਮੇਟ ਟੀਚਿਆਂ ਨੂੰ ਇਲੈਕਟ੍ਰੀਫਾਈਂਗ ਫਲੀਟਸ ਰਾਹੀਂ ਪੂਰਾ ਕਰ ਸਕੇਗਾ ਤੇ ਇਸ ਤਰ੍ਹਾਂ ਬਹੁਤੇ ਲੋਕ ਆਪਣੀਆਂ ਕਾਰਾਂ ਨੂੰ ਛੱਡ ਕੇ ਟਰਾਂਜ਼ਿਟ ਦੀ ਵਰਤੋਂ ਕਰਨੀ ਸ਼ੁਰੂ ਕਰਨਗੇ। ਇਹ ਰਕਮ ਵੱਡੇ ਟਰਾਂਜ਼ਿਟ ਪ੍ਰੋਜੈਕਟ ਜਿਵੇਂ ਕਿ ਸਬਵੇਅ ਐਕਸਟੈਂਸ਼ਨਜ਼ ਤੇ ਜ਼ੀਰੋ ਰਿਸਾਅ ਵਾਲੇ ਵਾਹਨਾਂ ਦੇ ਫਲੀਟ ਨੂੰ ਇਲੈਕਟ੍ਰੀਫਾਈ ਕਰਨ ਵਿੱਚ ਮਦਦ ਮਿਲੇਗੀ।

ਇਨਫਰਾਸਟ੍ਰਕਚਰ ਮੰਤਰੀ ਦੇ ਆਫਿਸ ਨੇ ਦੱਸਿਆ ਕਿ 5.9 ਬਿਲੀਅਨ ਡਾਲਰ ਹੁਣ ਤੇ 2026 ਦਰਮਿਆਨ ਖਰਚਿਆ ਜਾਵੇਗਾ ਤੇ ਬਾਕੀ ਰਹਿੰਦਾ 9 ਬਿਲੀਅਨ ਡਾਲਰ ਨਵੇਂ ਪਰਮਾਨੈਂਟ ਫੰਡ ਤੋਂ ਹਾਸਲ ਹੋਵੇਗਾ।

# ਪੁਲਿਸ ਨੇ ਡਾਕਾ ਮਾਰਨ ਵਾਲੇ 5 ਵਿਅਕਤੀਆਂ ਨੂੰ ਕੀਤਾ ਗ੍ਰਿਫਤਾਰ

## ਗ੍ਰਿਫਤਾਰ ਕੀਤੇ ਗਏ ਵਿਅਕਤੀਆਂ ਵਿੱਚ ਚਾਰ ਟੀਨੇਜਰਜ਼

ਬਰੈਂਪਟਨ, 10 ਫਰਵਰੀ (ਪੋਸਟ ਬਿਊਰੋ) : ਬੰਦੂਕ ਦੀ ਨੋਕ ਉੱਤੇ ਵੁੱਡਸਟੌਕ ਵਿੱਚ ਇੱਕ ਵਿੱਤੀ ਸੰਸਥਾ ਨੂੰ ਲੁੱਟਣ ਵਾਲੇ ਪੰਜ ਵਿਅਕਤੀਆਂ ਨੂੰ ਪੀਲ ਪੁਲਿਸ ਵੱਲੋਂ ਗ੍ਰਿਫਤਾਰ ਕੀਤਾ ਗਿਆ ਹੈ। ਗ੍ਰਿਫਤਾਰ ਕੀਤੇ ਗਏ ਵਿਅਕਤੀਆਂ ਵਿੱਚ ਚਾਰ ਟੀਨੇਜਰਜ਼ ਵੀ ਹਨ।




ਵੁੱਡਸਟੌਕ ਪੁਲਿਸ ਸਰਵਿਸ ਦੇ ਸਹਿਯੋਗ ਨਾਲ ਪੀਲ ਦੇ ਜਾਂਚਕਾਰਾਂ ਨੂੰ ਮੰਗਲਵਾਰ ਨੂੰ 2:00 ਵਜੇ ਦੇ ਨੇੜੇ ਤੇੜੇ ਉਦੋਂ ਇਸ ਘਟਨਾ ਤੋਂ ਜਾਣੂ ਕਰਵਾਇਆ ਗਿਆ ਜਦੋਂ ਮਸ਼ਕੂਕਾਂ ਦਾ ਇੱਕ ਗਰੁੱਪ ਬਰੈਂਪਟਨ ਤੋਂ ਚੋਰੀ ਹੋਈ ਕਾਰ ਲੈ ਕੇ ਇੱਕ ਬੈਂਕ ਵਿੱਚ ਪਹੁੰਚਿਆ। ਪੁਲਿਸ ਨੇ ਦੱਸਿਆ ਕਿ ਡਾਕੇ ਦੌਰਾਨ ਇੱਕ ਮਸ਼ਕੂਕ ਨੇ ਹਥਿਆਰ ਨਾਲ ਕਸਟਮਰ ਉੱਤੇ ਵਾਰ ਕੀਤਾ। ਬੈਂਕ ਦੇ ਕਰਮਚਾਰੀਆਂ ਤੇ ਕਸਟਮਰਜ਼ ਨੂੰ ਬੈਂਕ ਵਿੱਚ ਹੀ ਜ਼ਿੱਪ ਟਾਈਜ਼ ਨਾਲ ਬੰਨ੍ਹ ਕੇ ਬੰਦੀ ਬਣਾ ਲਿਆ ਗਿਆ।

ਦੋ ਘੰਟੇ ਬਾਅਦ ਦੁਪਹਿਰੇ 4:00 ਵਜੇ ਪੀਲ ਦੇ ਜਾਂਚਕਾਰਾਂ ਨੂੰ ਮਿਸੀਸਾਗਾ ਵਿੱਚ ਉਹ ਚੋਰੀ ਦੀ ਕਾਰ ਮਿਲ ਗਈ ਤੇ ਉਨ੍ਹਾਂ ਪੰਜ ਮਸ਼ਕੂਕਾਂ ਨੂੰ ਗ੍ਰਿਫਤਾਰ ਕਰ ਲਿਆ। ਇਸ ਵਿੱਚ ਡਾਕੇ ਵਿੱਚ ਸ਼ਾਮਲ ਦੂਜੀ ਗੱਡੀ ਦਾ ਡਰਾਈਵਰ ਵੀ ਸੀ। ਗ੍ਰਿਫਤਾਰੀ ਦੌਰਾਨ ਨਕਲੀ ਹਥਿਆਰ ਵੀ ਬਰਾਮਦ ਹੋਇਆ। ਇਸ ਦੌਰਾਨ ਮੇਪਲ ਦੇ 19 ਸਾਲਾ ਐਂਥਨੀ ਮਿਸ਼ੇਲ, ਬਰੈਂਪਟਨ ਦੇ 19 ਸਾਲਾ ਐਲੀਜਾਹ ਕ੍ਰੌਮਵੈੱਲ,ਮਿਸੀਸਾਗਾ ਦੇ 16 ਤੇ 14 ਸਾਲਾਂ ਦੇ ਦੋ ਲੜਕਿਆਂ ਅਤੇ ਮਿਸੀਸਾਗਾ ਦੀ ਹੀ 21 ਸਾਲਾ ਲੜਕੀ ਡੈਫਨੀ ਟ੍ਰੈਨ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਇਨ੍ਹਾਂ ਸਾਰਿਆਂ ਨੂੰ ਬੁੱਧਵਾਰ ਨੂੰ ਅਦਾਲਤ ਸਾਹਮਣੇ ਪੇਸ਼ ਕੀਤਾ ਗਿਆ।

# ਮਨੁੱਖੀ ਸਮਗਲਿੰਗ ਕਰਨ ਵਾਲੇ ਛੇ ਵਿਅਕਤੀਆਂ ਨੂੰ ਕੀਤਾ ਗਿਆ ਚਾਰਜ

ਓਨਟਾਰੀਓ, 10 ਫਰਵਰੀ (ਪੋਸਟ ਬਿਊਰੋ) : ਆਰਸੀਐਮਪੀ ਦਾ ਕਹਿਣਾ ਹੈ ਕਿ ਮਨੁੱਖੀ ਸਮਗਲਿੰਗ ਦੇ ਸਬੰਧ ਵਿੱਚ ਛੇ ਵਿਅਕਤੀਆਂ ਨੂੰ ਚਾਰਜ ਕੀਤਾ ਗਿਆ ਹੈ। ਇਨ੍ਹਾਂ ਵਿਅਕਤੀਆਂ ਉੱਤੇ ਇਹ ਦੋਸ਼ ਲਾਇਆ ਗਿਆ ਹੈ ਕਿ ਇਹ ਆਪਣੀਆਂ ਕੰਪਨੀਆਂ ਰਾਹੀਂ ਕੰਮ ਕਰਵਾਉਣ ਲਈ ਮੈਕਸਿਕੋ ਤੋਂ ਵਰਕਰਜ਼ ਨੂੰ ਕੈਨੇਡਾ ਲਿਆਉਂਦੇ ਸਨ।

ਪੁਲਿਸ ਦਾ ਕਹਿਣਾ ਹੈ ਕਿ ਵਿਦੇਸ਼ੀ ਨਾਗਰਿਕ ਟੋਰਾਂਟੋ, ਮਾਂਟਰੀਅਲ, ਹੈਮਿਲਟਨ, ਓਨਟਾਰੀਓ ਦੇ ਏਅਰਪੋਰਟਸ ਰਾਹੀਂ ਵਿਜ਼ੀਟਰਜ਼ ਵਜੋਂ ਕੈਨੇਡਾ ਦਾਖਲ ਹੁੰਦੇ ਸਨ ਤੇ ਫਿਰ ਇਨ੍ਹਾਂ ਦੋਸ਼ੀਆਂ ਵੱਲੋਂ ਆਪਰੇਟ ਕੀਤੀਆਂ ਜਾਣ ਵਾਲੀਆਂ ਇੰਪਲੌਇਮੈਂਟ ਏਜੰਸੀਆਂ ਰਾਹੀਂ ਕੰਮ ਕਰਦੇ ਸਨ। ਮਾਊਂਟੀਜ਼ ਤੇ ਕੈਨੇਡਾ ਬਾਰਡਰ ਸਰਵਿਸਿਜ਼ ਏਜੰਸੀ ਵੱਲੋਂ ਕਰਵਾਈ ਗਈ ਸਾਂਝੀ ਜਾਂਚ ਵਿੱਚ ਸਾਹਮਣੇ ਆਇਆ ਕਿ ਇਨ੍ਹਾਂ ਵਰਕਰਜ਼ ਦਾ ਸ਼ੋਸ਼ਣ ਕੀਤਾ ਜਾਂਦਾ ਸੀ।

ਪੁਲਿਸ ਦਾ ਕਹਿਣਾ ਹੈ ਕਿ ਸਾਲ 2019 ਵਿੱਚ ਜੁਲਾਈ ਤੇ ਸਤੰਬਰ ਵਿੱਚ ਕੀਤੀ ਗਈ ਛਾਣਬੀਣ ਦੌਰਾਨ ਇਹ ਸਾਹਮਣੇ ਆਇਆ ਕਿ 80 ਵਿਦੇਸ਼ੀ ਨਾਗਰਿਕ, ਜੋ ਕਿ ਹੈਮਿਲਟਨ ਤੇ ਮਿਲਟਨ, ਓਨਟਾਰੀਓ ਵਿੱਚ ਰਹਿ ਰਹੇ ਸਨ, ਖਟਮਲਾਂ, ਕੌਕਰੋਚਾਂ




ਤੇ ਹੋਰਨਾਂ ਪਰਜੀਵੀਆਂ ਤੋਂ ਪ੍ਰਭਾਵਿਤ ਹੋਏ। ਜਾਂਚਕਾਰਾਂ ਨੇ ਦੱਸਿਆ ਕਿ ਇਨ੍ਹਾਂ ਇੰਪਲੌਇਮੈਂਟ ਏਜੰਸੀਆਂ ਵਿੱਚ ਨੌਰਾ ਸਰਵਿਸਿਜ਼, ਟ੍ਰਿਲੀਅਮ ਮੈਨੇਜਮੈਂਟ ਤੇ ਬ੍ਰਾਇਨ ਐਂਟਰਪ੍ਰਾਇਸਿਜ਼ ਏਜੰਸੀ ਸ਼ਾਮਲ ਹੈ।

ਮਸ਼ਕੂਕਾਂ ਨੂੰ 8 ਮਾਰਚ ਨੂੰ ਹੈਮਿਲਟਨ ਦੀ ਅਦਾਲਤ ਸਾਹਮਣੇ ਪੇਸ਼ ਕੀਤਾ ਜਾਵੇਗਾ। ਇਸ ਸਬੰਧ ਵਿੱਚ 33 ਸਾਲਾ ਕ੍ਰਿਸਚੀਅਨ ਵਿਟੇਲਾ, 47 ਸਾਲਾ ਮਾਰੀਓ ਰੋਕਾ ਮੋਰੇਲਜ਼, 60 ਸਾਲਾ ਚਿਆਂਗ ਕਿੰਮ, 43 ਸਾਲਾ ਮਿਊਰਲ ਬ੍ਰੈਕਾਮੌਂਟ, 36 ਸਾਲਾ ਰਿਵੇਰਾ ਫਰੈਂਕੋ, 55 ਸਾਲਾ ਮਿਰੀਅਮ ਵਿਟੇਲਾ ਨੂੰ ਮਨੁੱਖੀ ਸਮਗਲਿੰਗ ਲਈ ਚਾਰਜ ਕੀਤਾ ਗਿਆ ਹੈ।

# ਟੈਸਟ ਸਬੰਧੀ ਜਾਅਲੀ ਦਸਤਾਵੇਜ਼ ਪੇਸ਼ ਕਰਨ ਉੱਤੇ ਕੋਵਿਡ ਪਾਜ਼ੀਟਿਵ ਵਿਅਕਤੀ ਨੂੰ ਕੀਤਾ ਗਿਆ ਚਾਰਜ

ਟੋਰਾਂਟੋ, 10 ਫਰਵਰੀ (ਪੋਸਟ ਬਿਊਰੋ) : ਟੋਰਾਂਟੋ ਦੇ ਪੀਅਰਸਨ ਇੰਟਰਨੈਸ਼ਨਲ ਏਅਰਪੋਰਟ ਉੱਤੇ ਕੋਵਿਡ ਪਾਜ਼ੀਟਿਵ ਵਿਅਕਤੀ ਵੱਲੋਂ ਆਪਣੇ ਟੈਸਟ ਦੀ ਜਾਅਲੀ ਤੇ ਨੈਗੇਟਿਵ ਰਿਪੋਰਟ ਪੇਸ਼ ਕਰਨ ਉੱਤੇ ਪੀਲ ਪੁਲਿਸ ਵੱਲੋਂ ਉਸ ਵਿਅਕਤੀ ਨੂੰ ਚਾਰਜ ਕੀਤਾ ਗਿਆ ਹੈ।

ਇੱਕ ਰਲੀਜ਼ ਵਿੱਚ ਪੁਲਿਸ ਨੇ ਆਖਿਆ ਕਿ ਇਹ ਘਟਨਾ 8 ਫਰਵਰੀ ਨੂੰ ਸ਼ਾਮੀਂ 7:00 ਵਜੇ ਵਾਪਰੀ। ਕੈਨੇਡੀਅਨ ਬਾਰਡਰ ਸਰਵਿਸਿਜ਼ ਏਜੰਸੀ (ਸੀਬੀਐਸਏ) ਦੇ ਅਧਿਕਾਰੀ ਵੱਲੋਂ ਪੀਅਰਸਨ ਉੱਤੇ ਜਾਂਚ ਕੀਤੀ ਜਾ ਰਹੀ ਸੀ ਜਦੋਂ ਇਸ ਵਿਅਕਤੀ ਦੇ ਕੋਵਿਡ-19 ਦਸਤਾਵੇਜ਼ ਜਾਅਲੀ ਪਾਏ ਗਏ। ਅਧਿਕਾਰੀਆਂ ਨੇ ਦੱਸਿਆ ਕਿ ਅਸਲ ਵਿੱਚ ਉਹ ਵਿਅਕਤੀ ਕੋਵਿਡ ਪਾਜ਼ੀਟਿਵ ਸੀ। ਸਟਰੈਟਫੋਰਡ ਦੇ 29 ਸਾਲਾ



ਵਿਅਕਤੀ ਨੂੰ ਗ੍ਰਿਫਤਾਰ ਕਰ ਲਿਆ ਗਿਆ ਤੇ ਉਸ ਨੂੰ ਗੈਰਕਾਨੂੰਨੀ ਢੰਗ ਨਾਲ ਜਾਅਲੀ ਦਸਤਾਵੇਜ਼ ਤਿਆਰ ਕਰਨ ਤੇ ਉਨ੍ਹਾਂ ਦਸਤਾਵੇਜ਼ਾਂ ਦੀ ਵਰਤੋਂ ਕਰਨ ਲਈ ਚਾਰਜ ਕੀਤਾ ਗਿਆ।

ਬਾਅਦ ਵਿੱਚ ਉਸ ਨੂੰ ਹਿਰਾਸਤ ਵਿੱਚੋਂ ਰਿਹਾਅ ਕਰ ਦਿੱਤਾ ਗਿਆ ਤੇ ਹੁਣ ਉਸ ਨੂੰ 19 ਅਪਰੈਲ, 2021 ਨੂੰ ਬਰੈਂਪਟਨ ਦੀ ਅਦਾਲਤ ਵਿੱਚ ਪੇਸ਼ ਕੀਤਾ ਜਾਵੇਗਾ। ਪੀਲ ਪੁਲਿਸ ਵੱਲੋਂ ਜਾਰੀ ਕੀਤੇ ਗਏ ਬਿਆਨ ਵਿੱਚ ਆਖਿਆ ਗਿਆ ਕਿ ਪਬਲਿਕ ਹੈਲਥ ਨਾਲ ਗੱਲਬਾਤ ਤੋਂ ਸਾਹਮਣੇ ਆਇਆ ਕਿ ਐਚਪੀਪੀਏ ਜਾਂ ਐਮਰਜੰਸੀ ਮੈਨੇਜਮੈਂਟ ਐਕਟ ਤਹਿਤ ਕੋਈ ਵਾਧੂ ਅਫੈਂਸ ਨਹੀਂ ਹਨ ਤੇ ਉਨ੍ਹਾਂ ਵੱਲੋਂ ਸਬੰਧਤ ਵਿਅਕਤੀ ਨੂੰ ਆਪਣਾ ਕੁਆਰਨਟੀਨ ਪੀਰੀਅਡ ਪੂਰਾ ਕਰਨ ਲਈ ਹੋਟਲ ਭੇਜ ਦਿੱਤਾ ਗਿਆ ਹੈ।



## ਅੱਜ ਨਾਮਾ

ਭਖਦੇ ਬਹੁਤ ਆ ਪਏ ਕਿਰਸਾਨ ਪਹਿਲਾਂ,
ਮੋਦੀ ਜ਼ਖਮਾਂ ’ਤੇ ਲੂਣ ਰਿਹਾ ਧੂੜ ਮੀਆਂ।
ਘੇਰੇ ਕੈਂਪਾਂ ਦੇ ਫੋਰਸ ਆ ਲਾਈ ਬਾਹਲੀ,
ਪਾਇਆ ਜਿੱਦਾਂ ਹੈਉਨ੍ਹਾਂ ਨੂੰ ਜੂੜ ਮੀਆਂ।
ਮੰਤਰੀ ਮੋਦੀ ਦੇ ਸਿਰੇ ਦਾ ਗਲਤ ਬੋਲਣ,
ਜਿੱਦਾਂ ਬੋਲਦਾ ਅਸਲ ਕੋਈ ਮੂੜ੍ਹ ਮੀਆਂ।
ਦੂਸ਼ਣਬਾਜ਼ੀ ਦੀ ਕਰੀ ਆ ਸਿਖਰ ਜਾਂਦੇ,
ਹੁੰਦਾ ਨਿਰਾ ਬਿਆਨਾਂ ਵਿੱਚ ਕੂੜ ਮੀਆਂ।
ਜਿਹੜੀ ਉਨ੍ਹਾਂ ਤੋਂ ਰਹੀ ਹੈ ਕਸਰ ਬਾਕੀ,
ਮੋਦੀ ਲੱਗਿਆ ਕੱਢਣ ਆ ਕਸਰ ਮੀਆਂ।
ਜਾਣਾ ਘਰੀਂ ਨਾ ਅਜੇ ਕਿਰਸਾਨ ਕਹਿੰਦੇ,
ਨਹੀਂ ਦਾਬਿਆਂ ਦਾ ਮਾਸਾ ਅਸਰ ਮੀਆਂ।

ਤੀਸ ਮਾਰ ਖਾਂ

# ਮੋਦੀ ਨੇ ਫਿਰ ਉਹੋ ਰੱਟ ਲਾਈ: ਅੰਦੋਲਨਕਾਰੀਆਂ ਅਤੇ ਅੰਦੋਲਨਜੀਵੀਆਂ ਵਿੱਚ ਫ਼ਰਕ ਸਮਝਣਾ ਜ਼ਰੂਰੀ ਆਖਿਆ

### * ਖੇਤੀ ਕਾਨੂੰਨਾਂ ਵਿੱਚ ਖਾਮੀਆਂ ਨੂੰ ਬਦਲਣ ਲਈ ਤਿਆਰ ਹਾਂ: ਮੋਦੀ

ਨਵੀਂ ਦਿੱਲੀ, 10 ਫਰਵਰੀ, (ਪੋਸਟ ਬਿਊਰੋ)- ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਅੱਜ ਬੁੱਧਵਾਰ ਲੋਕ ਸਭਾ ਵਿੱਚਬੋਲਦੇ ਵਕਤ ਇਕ ਵਾਰ ਫਿਰ ‘ਅੰਦੋਲਨਜੀਵੀ’ ਕਹਿ ਕੇ ਕੁਝ ਲੋਕਾਂ ਦਾ ਨਾਂਅ ਲਏ ਬਿਨਾਂ ਉਨ੍ਹਾਂ ਖਿਲਾਫ ਜ਼ੋਰਦਾਰ ਹਮਲਾ ਕੀਤਾ। ਉਨ੍ਹਾਂ ਕਿਹਾ ਕਿ ‘ਕਿਸਾਨ ਅੰਦੋਲਨ ਪਵਿੱਤਰ ਹੈ, ਮੈਂ ਇਹ ਮੰਨਦਾ ਹਾਂ, ਪਰ ਅੰਦੋਲਨਜੀਵੀ ਲੋਕ ਕਿਸਾਨਾਂ ਦੇ ਪਵਿੱਤਰ ਅੰਦੋਲਨ ਨੂੰ ਅਪਵਿੱਤਰ ਕਰ ਰਹੇ ਹਨ।’ ਉਨ੍ਹਾਂ ਕਿਹਾ ਕਿ ਅੰਦੋਲਨਕਾਰੀ ਅਤੇ ਅੰਦੋਲਨਜੀਵੀ ਵਿੱਚ ਫ਼ਰਕ ਕਰਨਾ ਜ਼ਰੂਰੀ ਹੈ, ਕਿਉਂਕਿ ਅੰਦੋਲਨਜੀਵੀ ਦੇਸ਼ ਨੂੰ ਗੁੰਮਰਾਹ ਕਰਦੇ ਹਨ। ਦੇਸ਼ ਨੂੰ ਗੁੰਮਰਾਹ ਕਰਨ ਵਾਲਿਆਂ ਦੀ ਪਛਾਣ ਕਰਨਾ ਜ਼ਰੂਰੀ ਹੈ। ਮੋਦੀ ਨੇ ਕਿਹਾ ਕਿ‘ਮੈਂ ਪੁੱਛਣਾ ਚਾਹੁੰਦਾ ਹਾਂ ਕਿ ਇਸ ਅੰਦੋਲਨ ਵਿੱਚ ਅੱਤਵਾਦੀਆਂ ਤੇ ਨਕਸਲੀਆਂ ਦੀ ਰਿਹਾਈ ਦੀ ਮੰਗ ਕਿਉਂ ਹੋਈ? ਦੰਗਾ ਕਰਨ ਵਾਲਿਆਂ ਦੀਆਂ ਤਸਵੀਰਾਂ, ਨਾਅਰੇ ਕਿਵੇਂ ਆਏ?’

ਪ੍ਰਧਾਨ ਮੰਤਰੀ ਮੋਦੀ ਨੇ ਕਿਹਾ: ਤੋੜ-ਭੰਨ ਅਤੇ ਹਿੰਸਾ ਨਾਲ ਅੰਦੋਲਨ ਕਲੰਕਤ ਹੁੰਦਾ ਹੈ। ਪੰਜਾਬ ਵਿੱਚ ਟੈਲੀਕਾਮ ਦੇ ਟਾਵਰਤੋੜਨ ਦਾ ਕਿਸਾਨ ਅੰਦੋਲਨ ਨਾਲ ਕੀ ਸਬੰਧ ਸੀ? ਜਿਹੜੇਟੋਲ ਪਲਾਜ਼ਾ ਭਾਰਤ ਦੇ ਸਭਰਾਜਾਂ ਦੀਆਂ ਸਰਕਾਰਾਂ ਨੂੰਪ੍ਰਵਾਨ ਹਨ, ਉਨ੍ਹਾਂ ਟੋਲ ਪਲਾਜ਼ਿਆਂ ਉੱਤੇ ਕਬਜ਼ਾ ਕਰ ਲੈਣਾ, ਭੰਨ-ਤੋੜ ਕਰਨਾ ਕੀ ਅੰਦੋਲਨ ਨੂੰ ਅਪਵਿੱਤਰ ਕਰਨ ਵਾਂਗ ਨਹੀਂ? ਅੰਦੋਲਨਜੀਵੀ ਚੰਗਾ ਬੋਲਦੇ ਹਨ, ਪਰ ਚੰਗਾ ਕਰਦੇ ਨਹੀਂ। ਇਹ ਲੋਕ ਸਾਰੇ ਮਾਹੌਲ ਨੂੰ ਵਿਗਾੜਦੇ ਹਨ।

ਗੱਲ ਅੱਗੇ ਵਧਾਉਂਦੇ ਹੋਏ ਪ੍ਰਧਾਨ ਮੰਤਰੀ ਮੋਦੀ ਨੇ ਕਿਹਾ ਕਿ ‘ਭਾਰਤ ਵਿਚ ਇਕ ਬੜਾ ਵੱਡਾ ਵਰਗ ਹੈ, ਜਿਸ ਦੀ ਪਛਾਣ ਹੈ:ਸਦਾ ਸਹੀ ਗੱਲ ਬੋਲਣਾ, ਸਹੀ ਗੱਲ ਕਹਿਣ ਵਿੱਚ ਕੋਈ ਬੁਰਾਈ ਨਹੀਂ, ਪਰ ਇਸ ਵਰਗ ਨੂੰ ਉਨ੍ਹਾਂ ਲੋਕਾਂ ਨਾਲ ਨਫ਼ਰਤ ਹੈ, ਜੋ ਸਹੀ ਕੰਮ ਕਰਦੇ ਹਨ। ਇਹ ਫ਼ਰਕ ਸੋਚਣਾ ਚਾਹੀਦਾ ਹੈ। ਇਹ ਸਿਰਫ ਬੋਲਣ ਦਾਯਕੀਨ ਰੱਖਦੇ ਹਨ, ਚੰਗਾ ਕੰਮ ਕਰਨ ਦਾ ਉਨ੍ਹਾਂ ਦਾ ਭਰੋਸਾ ਨਹੀਂ।’ ਪ੍ਰਧਾਨ ਮੰਤਰੀ ਨੇ ਕਿਹਾ ਕਿ ਦੇਸ਼ ਲਈ ਪਬਲਿਕ ਸੈਕਟਰ ਜ਼ਰੂਰੀ ਹੈ ਤਾਂ ਪ੍ਰਾਈਵੇਟ ਸੈਕਟਰ ਦਾ ਯੋਗਦਾਨ ਵੀ ਹੈ। ਉਨ੍ਹਾਂ ਵਿਰੋਧੀ ਧਿਰ ਉੱਤੇ ਹਮਲਾ ਕਰਦਿਆਂ ਕਿਹਾ ਕਿ ਤੁਸੀਂ ਸਿਆਸੀ ਏਜੰਡਾਲੈ ਕੇ ਅੱਗੇ ਵਧੋ, ਅਸੀਂ ਦੇਸ਼ ਨੂੰ



ਅੱਗੇ ਲੈ ਕੇ ਵਧਣ ਦੇ ਏਜੰਡੇ ਉੱਤੇ ਕੰਮ ਕਰਦੇ ਰਹਾਂਗੇ।

ਵਰਨਣ ਯੋਗ ਹੈ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅੱਜ ਲੋਕ ਸਭਾ ਵਿੱਚ ਰਾਸ਼ਟਰਪਤੀ ਦੇ ਭਾਸ਼ਣ ਉੱਤੇ ਚਰਚਾ ਦਾ ਜਵਾਬ ਦੇ ਰਹੇ ਸਨ। ਇਸ ਦੌਰਾਨ ਉਨ੍ਹਾਂ ਨੇ ਕਿਸਾਨਾਂ ਦਾ ਮੁੱਦਾ ਚੁੱਕਿਆ ਤੇ ਕਿਹਾ ਕਿ ਕੋਰੋਨਾ ਕਾਲ ਵਿੱਚ ਤਿੰਨ ਖੇਤੀ ਕਾਨੂੰਨ ਲਿਆਂਦੇ ਗਏ ਤੇ ਕਿਸਾਨਾਂ ਦੀ ਜ਼ਿੰਦਗੀ ਬਦਲਣ ਦੀਆਂ ਗੰਭੀਰ ਕੋਸ਼ਿਸ਼ਾਂ ਹੋਈਆਂ ਹਨ। ਉਨ੍ਹਾ ਨੇ ਕਿਹਾ ਕਿ ਖੇਤੀ ਖੇਤਰ ਵਿੱਚ ਸੁਧਾਰ ਲਈ ਕਾਨੂੰਨ ਬਣਾਏ ਹਨ, ਇਸ ਖੇਤਰ ਨੂੰ ਨਵੀਆਂ ਚੁਣੌਤੀਆਂ ਨਾਲ ਨਜਿੱਠਣਾ ਹੋਵੇਗਾ। ਉਨ੍ਹਾ ਕਿਹਾ ਕਿ ‘ਕਿਸਾਨ ਗਲਤ ਧਾਰਨਾਵਾਂ ਦੇ ਸ਼ਿਕਾਰ ਹੋ ਕੇਦਿੱਲੀ ਦੇ ਬਾਰਡਰਾਂ ਉੱਤੇ ਬੈਠੇ ਹਨ। ਅੰਦੋਲਨ ਕਰਦੇ ਸਾਰੇ ਕਿਸਾਨ ਭਰਾਵਾਂ ਦਾ ਪਾਰਲੀਮੈਂਟ ਆਦਰ ਕਰਦੀ ਹੈ ਤੇ ਕਰਦੀ ਰਹੇਗੀ। ਸੀਨੀਅਰ ਮੰਤਰੀ ਕਿਸਾਨਾਂ ਨਾਲ ਗੱਲ ਕਰਦੇ ਪਏ ਹਨ। ਜਦੋਂ ਪੰਜਾਬ ਵਿੱਚ ਅੰਦੋਲਨ ਹੋਇਆ, ਉਸ ਸਮੇਂ ਵੀ ਗੱਲਬਾਤ ਹੋਈ ਸੀ ਤੇ ਦਿੱਲੀ ਵਿੱਚ ਵੀ ਹੋ ਰਹੀ ਹੈ।’

ਪ੍ਰਧਾਨ ਮੰਤਰੀ ਮੋਦੀ ਨੇ ਕਿਹਾ ਕਿ ‘ਕਾਨੂੰਨਾਂ ਵਿੱਚ ਖਾਮੀਆਂ ਹਨ ਤਾਂ ਬਦਲਣ ਲਈ ਤਿਆਰ ਹਾਂ। ਅਸੀਂ ਗੱਲਬਾਤ ਲਈ ਅੱਜ ਵੀ ਕਿਸਾਨਾਂ ਦੀ ਉਡੀਕ ਕਰ ਰਹੇ ਹਾਂ। ਕਿਸਾਨਾਂ ਦੇ ਸ਼ੰਕਿਆਂ ਦੇ ਹੱਲ ਲਈ ਪੂਰਾ ਯਤਨ ਕਰਾਂਗੇ। ਉਨ੍ਹਾਂ ਨਾਲ ਸਨਮਾਨਨਾਲ ਗੱਲਬਾਤਲਈ ਤਿਆਰ ਹਾਂ। ਨਵੇਂ ਕਾਨੂੰਨਾਂ ਨੇ ਕਿਸਾਨਾਂ ਤੋਂ ਕੁਝ ਨਹੀਂ ਖੋਹਿਆ। ਉਹ ਦੱਸਣ ਕਿ ਉਨ੍ਹਾਂ ਦਾ ਕਿਹੜਾ ਹੱਕ ਖੋਹਿਆ ਹੈ। ਪ੍ਰਧਾਨ ਮੰਤਰੀ ਮੋਦੀ ਦੇ ਇਸ ਭਾਸ਼ਣ ਦੌਰਾਨ ਕਾਂਗਰਸ ਮੈਂਬਰਾਂ ਨੇ ‘ਕਾਲੇ ਕਾਨੂੰਨ ਵਾਪਸ ਲਓ’ ਦੇ ਨਾਅਰੇ ਲਾਏ ਤਾਂ ਪ੍ਰਧਾਨ ਮੰਤਰੀ ਨੇ ਇਸ ਨੂੰ ਸੋਚੀ-ਸਮਝੀ ਰਣਨੀਤੀ ਕਿਹਾ। ਇਸ ਪਿੱਛੋਂ ਕਾਂਗਰਸ ਪਾਰਟੀ ਦੇ ਸਾਰੇ ਮੈਂਬਰ ਸਦਨਤੋਂ ਵਾਕ ਆਊਟ ਕਰ ਗਏ।

# ਖੇਤੀ ਕਾਨੂੰਨਾਂ ਦੇ ਮੁੱਦੇ ਤੋਂ ਵਿਰੋਧੀ ਧਿਰ ਵੀ ਸਰਕਾਰ ਨੂੰ ਮੁੜ-ਮੁੜ ਸਿੱਧੀ ਹੋ ਕੇ ਪਈ

### * ਕੀ ਕਿਸਾਨ ਆਤਮ ਨਿਰਭਰ ਹੋਣ ਕਰ ਕੇ ਅੰਦੋਲਨ ਉੱਤੇ ਬੈਠੇ ਹਨ: ਸਿੱਬਲ

### * ਦਸਮੇਸ਼ ਦੇ ਵਾਰਸ ਕੇਂਦਰ ਸਰਕਾਰ ਦੀਆਂ ਸੂਲਾਂ ਤੋਂ ਡਰਨਗੇ ਨਹੀਂ : ਮਾਨ

### * ਸਰਕਾਰ ਐੱਫ ਸੀ ਆਈ ਨੂੰ ਖਤਮ ਕਰਨਾ ਚਾਹੁੰਦੀ ਹੈ: ਹਰਸਿਮਰਤ







ਨਵੀਂ ਦਿੱਲੀ, 10 ਫਰਵਰੀ, (ਪੋਸਟ ਬਿਊਰੋ)- ਅੱਜ ਬੁੱਧਵਾਰ ਨੂੰ ਜਦੋਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਖੇਤੀ ਦੇ ਮੁੱਦੇ ਉੱਤੇ ਵਿਰੋਧੀ ਧਿਰ ਉੱਤੇ ਹਮਲਾ ਬੋਲਿਆ ਤਾਂ ਇਸ ਮੌਕੇ ਵਿਰੋਧੀ ਧਿਰ ਵੀ ਸਰਕਾਰ ਨੂੰ ਪੈ ਨਿਕਲੀ।

ਕਾਂਗਰਸ ਦੇ ਸੀਨੀਅਰ ਨੇਤਾ ਕਪਿਲ ਸਿੱਬਲ ਨੇ ਸਰਕਾਰ ਉੱਤੇ ਬਜਟ ਵਿੱਚ ਵੋਟ ਬੈਂਕ ਦੀ ਰਾਜਨੀਤੀ ਕਰਨ ਦਾ ਦੋਸ਼ ਲਾ ਕੇ ਕਿਹਾ ਕਿ ਦੇਸ਼ ਦਾ ਪੂਰਾ ਕਾਰੋਬਾਰ 4-5 ਉਦਯੋਗਪਤੀ ਪਰਿਵਾਰਾਂ ਤੱਕ ਸਿਮਟ ਗਿਆ ਹੈ। ਸਿੱਬਲ ਨੇ ਰਾਜ ਸਭਾ ਵਿਚ ਸਾਲ 2021-22 ਦੇ ਬਜਟ ਉੱਤੇ ਚਰਚਾ ਦੌਰਾਨ ਕਿਹਾ ਕਿ ਆਤਮ ਨਿਰਭਰ ਭਾਰਤ ਦੀ ਗੱਲ ਕੀਤੀ ਹੈ, ਪਰ ਕੋਰੋਨਾ ਦੇ ਦੌਰ ਤੋਂ ਬਾਅਦ ਦੇਸ਼ ਵਿੱਚ ਕੋਈ ਖੇਤਰ ਆਤਮ ਨਿਰਭਰ ਨਹੀਂ ਦਿੱਸਦਾ। ਉਨ੍ਹਾਂ ਪੁੱਛਿਆ ਕਿ ਕੀ ਸਾਡੇ ਦੇਸ਼ ਦੇ ਲੋਕ ਆਤਮ ਨਿਰਭਰ ਹਨ? ਪ੍ਰਧਾਨ ਮੰਤਰੀ ਮੋਦੀ ਨੇ ਆਪਣੇ ਭਾਸ਼ਣ ਵਿੱਚ ਕਿਹਾ ਸੀ ਕਿ 86 ਫ਼ੀਸਦੀ ਕਿਸਾਨਾਂ ਦੀਆਂ ਜ਼ਮੀਨਾਂ 5 ਏਕੜ ਤੋਂ ਘੱਟ ਹਨ। ਕੀ ਉਹ ਆਤਮ ਨਿਰਭਰ ਹੋਣ ਕਰ ਕੇਦਿੱਲੀਦੇ ਬਾਹਰ ਸ਼ਾਂਤੀਪੂਰਵਕ ਅੰਦੋਲਨ ਕਰ ਰਹੇ ਹਨ? ਸਿੱਬਲ ਨੇ ਕਿਹਾ ਕਿ ਅਮਰੀਕਾ, ਯੂਰਪ, ਚੀਨ ਅਤੇ ਕਈ ਹੋਰ ਦੇਸ਼ਾਂ ਵਿਚ ਸਰਕਾਰ ਕਿਸਾਨਾਂ ਨੂੰ ਵੱਡੇ ਪੈਮਾਨੇ ਉੱਤੇ ਆਰਥਿਕ ਮਦਦ ਦੇਂਦੀ ਹੈ, ਪਰ ਭਾਰਤ ਦੇ ਕਿਸਾਨ ਫ਼ਸਲਾਂ ਦੇ ਘੱਟੋ-ਘੱਟ ਸਮਰਥਨ ਮੁੱਲ ਨੂੰ ਕਾਨੂੰਨੀ ਦਰਜਾ ਦੇਣ ਦੀ ਮੰਗ ਲਈ ਅੰਦੋਲਨ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਕਿਸਾਨ ਸਨਮਾਨ ਨਿਧੀ 75,000 ਕਰੋੜ ਰੁਪਏ ਤੋਂ ਘੱਟ ਕਰ ਕੇ 65,000 ਕਰੋੜ ਰੁਪਏ ਕਰ ਦਿੱਤੀ ਹੈ। ਦੇਸ਼ ਵਿਚ 4-5 ਲੋਕਾਂ ਦੇ ਫਾਇਦੇ ਲਈ ਸਾਰੇ ਕਾਨੂੰਨ ਬਣਾਏ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਕੋਰੋਨਾ ਦੀ ਮਾਰ ਹੇਠ ਕੋਲਾ, ਸੀਮੈਂਟ ਅਤੇ ਸਟੀਲ ਉਤਪਾਦਨ ਘਟਿਆ। ਵੱਡੇ ਪੱਧਰ ਉੱਤੇ ਲੋਕਾਂ ਦੀਆਂ ਨੌਕਰੀਆਂ ਖੁੱਸ ਗਈਆਂ ਤੇ ਰੁਜ਼ਗਾਰ ਛੁੱਟਣ ਕਾਰਨ ਲੋਕਾਂ ਨੂੰ ਸ਼ਹਿਰਾਂ ਤੋਂ ਪੈਦਲ ਪਿੰਡਾਂ ਨੂੰ ਜਾਣਾ ਪਿਆ। ਉਨ੍ਹਾਂ ਕਿਹਾ ਕਿ ਦੇਸ਼ ਦੀ 73 ਫ਼ੀਸਦੀ ਸੰਪਤੀ ਇਕੋ ਘਰਾਣੇ ਕੋਲ ਚਲੀ ਗਈ, ਦੇਸ਼ ਦੇ 6-7 ਵੱਡੇ ਹਵਾਈ ਅੱਡੇ ਨਿੱਜੀ ਹੱਥਾਂ ਵਿਚ ਦੇਣ ਦਾ ਵਿੱਤ ਮੰਤਰਾਲਾ ਅਤੇ ਨੀਤੀ ਕਮਿਸ਼ਨ ਨੇ ਵਿਰੋਧ ਕੀਤਾ, ਫਿਰ ਵੀ ਉਸ ਨੂੰ ਦੇ ਦਿੱਤੇ ਗਏ।

ਆਮ ਆਦਮੀ ਪਾਰਟੀ ਦੇ ਹਲਕਾ ਸੰਗਰੂਰ ਤੋਂ ਪਾਰਲੀਮੈਂਟ ਮੈਂਬਰ ਭਗਵੰਤ ਮਾਨ ਨੇ ਲੋਕ ਸਭਾ ਵਿੱਚ ਕਿਸਾਨਾਂ ਦੇ ਮੁੱਦੇ ਉੱਤੇ ਕਿਹਾ ਕਿ ਅਸੀਂ ਕੰਡਿਆਂ ਦੀ ਸੇਜ ਉੱਤੇ ਸੌਣ ਵਾਲੇ ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਦੇ ਵਾਰਸ ਹਾਂ ਤੇ ਕੇਂਦਰ ਸਰਕਾਰ ਨੇ ਅੰਦੋਲਨ ਕਰਦੇ ਕਿਸਾਨਾਂ ਲਈ ਜੋ ਸੜਕਾਂ ਉੱਤੇ ਸੂਲਾਂ ਲਾਈਆਂ ਹਨ, ਉਨ੍ਹਾਂ ਤੋਂ ਅਸੀਂ ਡਰਨ ਵਾਲੇ ਨਹੀਂ। ਭਗਵੰਤ ਮਾਨ ਨੇ ਪ੍ਰਸਿੱਧ ਲੇਖਕ ਧਨੀ ਰਾਮ ਚਾਤ੍ਰਿਕ ਦੀ ਕਵਿਤਾ ਸੁਣਾ ਕੇ ਕੇਂਦਰ ਦੀ ਭਾਜਪਾ ਸਰਕਾਰ ਨੂੰ ਕਿਹਾ ਕਿ ਪੰਜਾਬ ਦੇ ਕਿਸਾਨ ਕੜਾਕੇ ਦੀ ਠੰਢ ਅਤੇ ਸੰਘਰਸ਼ਾਂ ਤੋਂ ਡਰਨ ਵਾਲੇ ਨਹੀਂ। ਉਨ੍ਹਾਂ ਕਿਹਾ ਕਿ ਭਾਜਪਾ ਦੀ ਸਰਕਾਰ ‘ਰਕਤ-ਜੀਵੀ’ ਬਣ ਚੁੱਕੀ ਹੈ ਅਤੇ ਕਿਸਾਨਾਂ ਦਾ ਖ਼ੂਨ ਚੂਸਣ ਲੱਗੀ ਹੋਈ ਹੈ।

ਅਕਾਲੀ ਆਗੂ ਅਤੇ ਸਾਬਕਾ ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ ਨੇ ਕਿਹਾ ਕਿ ਨਾ ਸਿਰਫ ਕੇਂਦਰ ਸਰਕਾਰ ਕਿਸਾਨੀ ਜਿਣਸਾਂ ਦੀ ਘੱਟੋ-ਘੱਟ ਖਰੀਦ ਕੀਮਤ (ਐੱਮ ਐੱਸ ਪੀ) ਯਕੀਨੀ ਕਰਨ ਦਾ ਭਰੋਸਾ ਦੇਣ ਤੋਂ ਨਾਂਹ ਕਰ ਰਹੀ ਹੈ ਬਲਕਿ ਫੂਡ ਕਾਰਪੋਰੇਸ਼ਨ ਆਫ ਇੰਡੀਆ (ਐੱਫ ਸੀ ਆਈ) ਨੂੰ ਵੀ ਖ਼ਤਮ ਕਰਨ ਵਲ ਵੱਧ ਰਹੀ ਹੈ।ਅੱਜ ਰਾਸ਼ਟਰਪਤੀ ਦੇ ਭਾਸ਼ਣ ਉੱਤੇਬੋਲਦਿਆਂ ਬੀਬੀ ਬਾਦਲ ਨੇ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਜਦੋਂ 2011 ਵਿਚ ਗੁਜਰਾਤ ਦੇ ਮੁੱਖ ਮੰਤਰੀ ਤੇ ਮੁੱਖ ਮੰਤਰੀਆਂ ਦੀ ਵਰਕਿੰਗ ਕਮੇਟੀ ਦੇ ਚੇਅਰਮੈਨ ਸਨ, ਉਦੋਂ ਉਨ੍ਹਾਂ ਸਿਫਾਰਸ਼ ਕੀਤੀ ਸੀ ਕਿ ਕਿਸਾਨਾਂ ਦੇ ਹਿੱਤਾਂ ਦੀ ਰਾਖੀ ਵਾਸਤੇ ਕਿਸਾਨੀ ਫਸਲ ਐੱਮ ਐੱਸ ਪੀ ਤੋਂ ਘੱਟ ਰੇਟ ਉੱਤੇ ਖਰੀਦਣ ਉੱਤੇਕਾਨੂੰਨੀ ਪਾਬੰਦੀ ਲਾਈਜਾਵੇ। ਅੱਜ ਇਹੀ ਗੱਲ ਕਿਸਾਨ ਚਾਹੁੰਦੇ ਹਨ। 26 ਜਨਵਰੀ ਨੂੰ ਲਾਲ ਕਿਲ੍ਹੇ ਦੀ ਹਿੰਸਾ ਬਾਰੇ ਬੀਬੀ ਬਾਦਲਨੇ ਕਿਹਾ ਕਿ ਬਹੁਤ ਕੁਝ ਕਿਹਾ ਜਾ ਰਿਹਾ ਹੈ ਕਿ ਉਸ ਕੌਮ ਨੇ ਕੌਮੀ ਤਿਰੰਗੇ ਦਾ ਅਪਮਾਨ ਕੀਤਾ, ਜਿਸਨੇ ਦੇਸ਼ ਦੀ ਆਜ਼ਾਦੀ ਵਾਸਤੇ 70 ਫੀਸਦੀ ਤੋਂ ਵਧੇਰੇ ਕੁਰਬਾਨੀਆਂ ਦਿੱਤੀਆਂ ਹਨ। ਹੈਰਾਨੀ ਦੀ ਗੱਲ ਹੈ ਕਿ ਕੋਈ ਇਹ ਕਿਉਂ ਨਹੀਂ ਕਹਿੰਦਾ ਕਿ 26 ਜਨਵਰੀ ਦੀ ਹਿੰਸਾ ਦੇ ਵਕਤ ਖੁਫੀਆ ਤੰਤਰ ਦੀ ਅਸਫਲਤਾ ਦੀ ਜਾਂਚ ਕਰ ਲਓ। ਉਨ੍ਹਾ ਕਿਹਾ ਕਿ ਕੇਂਦਰ ਸਰਕਾਰ ਨੂੰ 25 ਜਨਵਰੀ ਨੂੰ ਪਤਾ ਲੱਗ ਗਿਆ ਸੀ ਕਿ ਕੁਝ ਲੋਕ ਲਾਲ ਕਿਲ੍ਹੇ ਵੱਲ ਮਾਰਚ ਕਰਨ ਦੀ ਤਿਆਰੀ ਕਰ ਰਹੇ ਹਨ ਤਾਂ ਉਸਨੇ ਰਾਹ ਬੰਦ ਕਿਉਂ ਨਾ ਕੀਤਾ?ਉਨ੍ਹਾ ਨੇ ਕਿਹਾ ਕਿ‘ਕੇਸਰੀ ਨਿਸ਼ਾਨ ਨੂੰ ਮਾੜਾ ਕਿਹਾ ਜਾ ਰਿਹਾ ਹੈ। ਇਹ ਉਹੀ ਕੇਸਰੀ ਨਿਸ਼ਾਨ ਹੈ, ਜਿਸ ਨੂੰ ਕਈ ਵਾਰ ਪ੍ਰਧਾਨ ਮੰਤਰੀ ਨੇ ਆਪਣੇ ਸਿਰ ਉੱਤੇ ਬੰਨ੍ਹਿਆ ਹੈ।’ ਬੀਬੀ ਬਾਦਲ ਨੇ ਕੇਂਦਰ ਸਰਕਾਰ ਦੇ ਕਿਸਾਨਾਂ ਪ੍ਰਤੀ ਬੇਰੁਖੀ ਵਾਲੇਵਿਹਾਰ ਦੀ ਨਿੰਦਾ ਕਰਦੇ ਹੋਏ ਕਿਹਾ ਕਿ ਕਿਸਾਨਾਂ ਨੂੰ ਦਲਾਲ, ਨਕਸਲੀ ਤੇ ਖਾਲਿਸਤਾਨੀ ਕਿਹਾ ਗਿਆ ਅਤੇ ਇਹ ਵੀ ਕਿਹਾ ਕਿ ਜੋ ਦਿੱਲੀ ਦੇ ਬਾਰਡਰਾਂ ਉੱਤੇ ਬੈਠੇ ਹਨ, ਉਹ ਏ ਕੇ-47 ਰਾਈਫਲਾਂ ਲੈ ਕੇ ਬੈਠੇ ਹਨ। ਉਨ੍ਹਾਂ ਪੁੱਛਿਆ ਕਿ ਕੌਣ ਖੇਤਾਂ ਵਿਚ ਏ ਕੇ-47 ਰਾਈਫਲਾਂ ਉਗਾਉਂਦਾ ਹੈ?

# ਲਾਲ ਕਿਲ੍ਹਾ ਹਿੰਸਾ ਕਾਂਡ: ਦੀਪ ਸਿੱਧੂ ਦੇ ਬਾਅਦ ਉਸ ਦੀ ਗਰਲ ਫਰੈਂਡ ਵੀ ਰਾਡਾਰ ਹੇਠ ਆਈ

ਨਵੀਂ ਦਿੱਲੀ, 10 ਫਰਵਰੀ, (ਪੋਸਟ ਬਿਊਰੋ)- ਬੀਤੀ 26 ਜਨਵਰੀ ਨੂੰ ਲਾਲ ਕਿਲ੍ਹੇਦੀ ਘਟਨਾ ਦੇ ਬਾਰੇ ਇਸ ਸੋਮਵਾਰ ਦੇਰ ਰਾਤ ਗ੍ਰਿਫ਼ਤਾਰ ਕੀਤੇ ਗਏ ਪੰਜਾਬੀ ਐਕਟਰ ਦੀਪ ਸਿੱਧੂ ਤੋਂ ਅੱਜ ਬੁੱਧਵਾਰ ਚਾਣਕਿਆਪੁਰੀ ਵਿੱਚ ਦਿੱਲੀ ਪੁਲਸ ਦੀ ਕ੍ਰਾਈਮ ਬ੍ਰਾਂਚ ਦੇ ਇੰਟਰ ਸਟੇਟ ਦਫਤਰ ਵਿੱਚ ਆਈਬੀ ਦੇ ਡਿਪਟੀ ਡਾਇਰੈਕਟਰ ਪੱਧਰ ਦੇ ਅਧਿਕਾਰੀਆਂ ਤੇ ਕ੍ਰਾਈਮ ਬ੍ਰਾਂਚ ਦੇ ਸੀਨੀਅਰ ਅਧਿਕਾਰੀਆਂ ਨੇ ਕਰੀਬ ਅੱਠ ਘੰਟੇ ਪੁੱਛਗਿੱਛ ਕੀਤੀ। ਇਸ ਦੌਰਾਨ ਦੀਪ ਸਿੱਧੂ ਤੋਂ ਖਾਸ ਤੌਰ ਉੱਤੇ ਅਮਰੀਕਾ ਦੇ ਸਾਨ ਫ੍ਰਾਂਸਿਸਕੋ ਵਿੱਚ ਰਹਿਣ ਵਾਲੀ ਉਸਦੀ ਗਰਲ ਫਰੈਂਡ ਤੇ ਪੰਜਾਬੀ ਐਕਟਰੈੱਸ ਰੀਨਾ ਰਾਏ ਦੇ ਬਾਰੇ ਵੀ ਪੁੱਛਗਿੱਛ ਕੀਤੀ ਗਈ, ਜਿਸ ਨਾਲ ਉਹ ਵੀ ਰਾਡਾਰ ਹੇਠ ਆ ਗਈ ਹੈ।

ਪਤਾ ਲੱਗਾ ਹੈ ਕਿ ਦੀਪ ਦੇ ਫੇਸਬੁੱਕ ਅਕਾਊਂਟ ਉੱਤੇ ਵੀਡੀਓ ਰੀਨਾ ਰਾਏ ਅਪਲੋਡ ਕਰਦੀ ਸੀ। ਕ੍ਰਾਈਮ ਬ੍ਰਾਂਚ ਉਸ ਨੂੰ ਵੀ ਪੁੱਛਗਿੱਛਲਈ ਨੋਟਿਸ ਭੇਜਣ ਵਾਲੀ ਹੈ। ਪੁਲਿਸ ਦੇ ਮੁਤਾਬਕ ਦੀਪ ਸਿੱਧੂ ਨੇ ਕਿਹਾ ਕਿ ਬਿਹਾਰ ਦੇ ਪੂਰਣੀਆ ਵਿੱਚ ਰੂਪਵਾਨੀ ਸਿਨੇਮਾ ਮਾਲਕ ਦੇ ਪਰਿਵਾਰ ਵਿੱਚ ਉਸਦਾ ਵਿਆਹ ਹੋਇਆ ਹੈ ਤੇ ਉਸਦੀ ਪਤਨੀ ਉੱਥੇ ਰਹਿੰਦੀ ਹੈ। ਲਾਲ ਕਿਲ੍ਹੇ ਦੀ ਘਟਨਾ ਤੋਂ ਬਾਅਦ 12 ਦਿਨ ਫਰਾਰ ਰਹਿਣ ਦੇ ਦੌਰਾਨ ਉਹ ਪੰਜਾਬ ਵਿੱਚ ਆਪਣੇ ਦੋਸਤਾਂ ਦੇ ਘਰਾਂ ਵਿੱਚ ਲੁਕਿਆ ਸੀ। ਉਸ ਨੇ ਦੱਸਿਆ ਕਿ ਪੰਜਾਬ ਦੀ ਰੀਨਾ ਨਾਲ ਉਸਨੇ ਇਕ ਫਿਲਮ ਵਿੱਚ ਐਕਟਿੰਗ ਕੀਤੀ ਸੀ, ਓਦੋਂ ਤੋਂ ਉਸ ਨਾਲ ਦੋਸਤੀ ਹੈ ਅਤੇ ਉਹ ਅੱਜਕੱਲ੍ਹ ਸਾਨ ਫ੍ਰਾਂਸਿਸਕੋ ਵਿੱਚ ਆਪਣੇ ਪਰਿਵਾਰ ਨਾਲ ਰਹਿ ਰਹੀ ਹੈ। ਜਦੋਂ ਦੀਪ ਸਿੱਧੂ ਫਰਾਰ ਸੀ, ਉਸ ਦੌਰਾਨ ਉਸ ਦਾ ਫੇਸਬੁੱਕ ਅਕਾਊਂਟ ਦੋ ਮੋਬਾਈਲ ਫੋਨ ਤੋਂ ਅਪਡੇਟ ਕੀਤਾ ਜਾਂਦਾ ਰਿਹਾ ਸੀ, ਇਕ ਦੀਪ ਦੇ ਆਪਣੇ ਮੋਬਾਈਲ ਫੋਨ ਤੋਂ ਅਤੇ ਦੂਸਰਾ ਉਸਦੀ ਗਰਲ ਫਰੈਂਡ ਦੇ ਰਾਹੀਂ।

ਮਿਲੀ ਜਾਣਕਾਰੀ ਅਨੁਸਾਰ ਪੁਲਿਸ ਨੇ



ਦੀਪ ਸਿੱਧੂਅਤੇ ਉਸਦੀ ਪਤਨੀ ਅਤੇ ਕਈ ਕਰੀਬੀ ਰਿਸ਼ਤੇਦਾਰਾਂ ਅਤੇ ਦੋਸਤਾਂ ਦੇ ਮੋਬਾਈਲ ਫੋਨ ਸਰਵਿਲਾਂਸ ਉੱਤੇਲਾਏ ਸਨ ਅਤੇ ਫੇਸਬੁੱਕ ਦੇ ਆਈਪੀ ਅਡਰੈੱਸ ਤੋਂ ਪੁਲਿਸ ਨੂੰ ਪਤਾ ਲੱਗਾ ਸੀ ਕਿ ਦੀਪ ਦਾ ਅਕਾਊਂਟ ਸਾਨ ਫ੍ਰਾਂਸਿਸਕੋ ਤੋਂ ਅਪਡੇਟ ਹੁੰਦਾ ਹੈ। ਦੀਪ ਤਿੰਨ-ਚਾਰ ਦੋਸਤਾਂ ਦੇ ਮੋਬਾਈਲ ਤੋਂ ਵੀਡੀਓ ਬਣਾ ਕੇ ਰੀਨਾ ਨੂੰ ਭੇਜ ਦਿੰਦਾ ਸੀ ਅਤੇ ਰੀਨਾ ਅੱਗੇ ਉਹ ਵੀਡੀਓ ਅਪਲੋਡ ਕਰਦਿੰਦੀ ਸੀ। ਪੰਜ ਦਿਨ ਪਹਿਲਾਂਦੀਪ ਨੇ ਜਦੋਂ ਕਰਨਾਲ ਤੋਂ ਰੀਨਾ ਨੂੰ ਵੀਡੀਓ ਭੇਜਿਆ ਤਾਂ ਉਸ ਦੀ ਲੋਕੇਸ਼ਨ ਦਾ ਪਤਾ ਲੱਗ ਗਿਆ ਸੀ। ਦੱਸਿਆ ਜਾ ਰਿਹਾ ਹੈ ਕਿ ਪੁੱਛਗਿੱਛ ਦੌਰਾਨ ਦੀਪ ਸਿੱਧੂ ਨੇ ਕਿਹਾ ਕਿ ਉਹ ਪੁਲਿਸ ਤੋਂ ਬਚਣ ਲਈ ਨਹੀਂ ਭੱਜ ਰਿਹਾ ਸੀ, ਬਲਕਿ ਲਾਲ ਕਿਲ੍ਹੇ ਉੱਤੇ ਝੰਡਾ ਝੁਲਾਉਣ ਦੇ ਬਾਅਦ ਉਸਨੂੰ ਆਪਣੀ ਜਾਨ ਦਾ ਖਤਰਾ ਲੱਗਦਾ ਸੀ। ਉਸਨੂੰ ਡਰ ਸੀ ਕਿ ਕੋਈ ਉਸ ਦੀ ਹੱਤਿਆ ਨਾ ਕਰ ਦੇਵੇ। ਉਸਨੂੰ ਕਿਸ ਤੋਂ ਜਾਨ ਦਾ ਖਤਰਾ ਹੈ, ਇਸ ਦੇ ਜਵਾਬ ਵਿੱਚ ਉਹ ਕੋਈ ਨਾਂ ਨਹੀਂ ਦੱਸ ਸਕਿਆ। ਉਸਨੇ ਕਿਹਾ ਕਿ ਬਾਰਡਰ ਉੱਤੇ ਪੁਲਿਸ ਦੀ ਸਖਤੀ ਕਾਰਨ ਉਹ ਛੋਟੇ ਰਸਤੇ ਤੋਂ ਸਵੇਰੇ 10 ਵਜੇ ਕਾਰ ਰਾਹੀਂ ਦਿੱਲੀ ਦੀ ਹੱਦ ਵਿੱਚ ਦਾਖਲ ਹੋਇਆ ਤੇ ਦੁਪਹਿਰ ਇਕ ਵਜੇ ਲਾਲ ਕਿਲ੍ਹੇ ਪਹੁੰਚਿਆ ਸੀ। ਓਥੇ ਜੋਸ਼ ਵਿੱਚ ਆ ਕੇ ਉਹ ਲਾਲ ਕਿਲ੍ਹੇ ਦੇ ਗੁੰਬਦ ਉੱਤੇ ਚੜ੍ਹ ਗਿਆ ਸੀ। ਉਸਨੇ ਕਿਹਾ ਕਿ ਪਹਿਲਾਂ ਉਸ ਨੂੰ ਦੋਸਤਾਂ ਤੋਂ ਖ਼ੂਬ ਮਦਦ ਮਿਲੀ, ਪਰ ਬਾਅਦ ਵਿੱਚ ਪੁਲਿਸ ਦਾ ਦਬਾਅ ਵਧਿਆ ਤਾਂ ਸਾਰੇ ਮਦਦ ਕਰਨ ਤੋਂ ਪਿੱਛੇ ਹਟਣ ਲੱਗੇ। ਇਸ ਦੇ ਬਾਅਦ ਉਹ ਪਰੇਸ਼ਾਨ ਹੋ ਗਿਆ ਤੇ ਪਿਛਲੇ ਪੰਜ ਦਿਨਾਂ ਤੋਂ ਇੱਕੋਕੱਪੜੇ ਪਾ ਕੇ ਉਹ ਏਧਰ-ਓਧਰ ਲੁਕਦਾ ਫਿਰ ਰਿਹਾ ਸੀ।

ਜਾਂਚ ਨਾਲ ਜੁੜੇ ਅਧਿਕਾਰੀਆਂ ਦਾ ਕਹਿਣਾ ਹੈ ਕਿ ਦੀਪ ਸਿੱਧੂ ਸਾਰੀਆਂ ਗੱਲਾਂ ਸਹੀ ਨਹੀਂ ਦੱਸਦਾ। ਸੱਤ ਦਿਨਾਂ ਦੇ ਰਿਮਾਂਡ ਉੱਤੇ ਉਸ ਤੋਂ ਪੂਰੀ ਪੁੱਛਗਿੱਛ ਕੀਤੀ ਜਾਵੇਗੀ ਅਤੇ ਜਿੱਥੇ-ਜਿੱਥੇ ਰੁਕਿਆ ਸੀ, ਉੱਥੇ ਲਿਜਾਇਆ ਜਾਵੇਗਾ। ਦੀਪ ਨੇ ਗ੍ਰਿਫਤਾਰੀ ਤੋਂ ਪਹਿਲਾਂ ਫੇਸਬੁੱਕ ਪੋਸਟ ਰਾਹੀਂ ਕਿਸਾਨ ਆਗੂਆਂ ਨੂੰ ਉਨ੍ਹਾਂ ਦੇ ਕਥਿਤ ਕਾਰਨਾਮਿਆਂ ਦਾ ਪਰਦਾਫਾਸ਼ ਕਰਨ ਦੀ ਧਮਕੀ ਵੀ ਦਿੱਤੀ ਸੀ। ਜਾਂਚ ਏਜੰਸੀਆਂ ਉਸ ਤੋਂ ਇਹ ਪਤਾ ਕਰਨ ਦੀ ਕੋਸ਼ਿਸ਼ ਵਿੱਚ ਹਨ ਕਿ ਉਹ ਕੌਣ ਆਗੂ ਹਨ ਤੇ ਉਹ ਉਨ੍ਹਾਂ ਬਾਰੇ ਕੀਦੱਸਣਾ ਚਾਹੁੰਦਾ ਸੀ। ਏਜੰਸੀਆਂ ਇਹ ਵੀ ਜਾਣਨਾ ਚਾਹੁੰਦੀਆਂ ਹਨ ਕਿ 26 ਜਨਵਰੀ ਤੋਂ ਪਹਿਲਾਂ ਉਸਦੀ ਕੈਨੇਡਾ ਤੇ ਹੋਰ ਦੇਸ਼ਾਂ ਵਿੱਚ ਕਿਸ ਨਾਲ ਗੱਲ ਹੋਈ ਤੇ ਕੀ ਵਿਦੇਸ਼ ਤੋਂ ਕੋਈ ਫੰਡਿੰਗ ਵੀ ਹੋਈ ਸੀ?

REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ? ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ ‘ਨਾਂਹ’, ਅਸੀਂ ਕਰਾਂਗੇ ‘ਹਾਂ’
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
Increase Your Cash Flow by up to 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated
19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047



NEED A LAWYER ??
Red Seal NOTARY
KAUR LAW OFFICE
REAL ESTATE LAWYER
• Residential & Commercial
• Sale/Purchase of House
• Mortgage & Refinancing
• Drafting/Reviewing Agreements
• Title Transfer
• 2nd Mortgage
IMMIGRATION
Skilled Worker Category
Spousal & Family Sponsorship
• Student Permits Visa & Renewals
• PR Renewal/ Citizenship Application
FAMILY LAWYER
• Child & Spousal support
• Custody & Access
• Divorce
• Equalization
BUSINESS LAW
• Incorporation & Shareholder agreements
• Sales & Purchase of Assets & Shares
• Notarization & Affidavits
WILLS & ESTATE
• Wills
• Certificate of Estate Trustee with/without Will
• Power of attorney for Property & Personal Care
MANJEET KAUR
LL.B., (London UK)
Barrister, Solicitor & Notary Public
Tel : 905-454-0099
Fax: 905-454-2234
2575 Steeles Ave. E., Unit 1,Brampton, ON L6T 5T1



ShergGill Law Firm
Barrister, Solicitor & Notary Public
Services:
* Real Estate
* Residential, Commercial & Franchise
* Criminal Law
* Family Law
* Affidavit, Power Of Attorney & Notarization
* Immigration Matters
Paramjit Singh Gill
(MBA,LL.B.)
Tel: 905-790-3636
2565 Steeles Ave E Unit #20, Brampton, ON L6T 4L6
Emergency Contact:
416.910.5676
www.shergilllawfirm.ca

# ਟੀਕਾਕਰਣ ਲਈ ਟੋਰਾਂਟੋ ਵਿੱਚ ਤਿਆਰ ਕੀਤੇ ਜਾ ਰਹੇ ਹਨ 9 ਵੈਕਸੀਨੇਸ਼ਨ ਕਲੀਨਿਕਸ

ਟੋਰਾਂਟੋ, 10 ਫਰਵਰੀ (ਪੋਸਟ ਬਿਊਰੋ) : ਸਿਟੀ ਆਫ ਟੋਰਾਂਟੋ ਵੱਲੋਂ ਬੁੱਧਵਾਰ ਨੂੰ ਐਲਾਨ ਕੀਤਾ ਗਿਆ ਕਿ ਸਿਟੀ ਅਧਿਕਾਰੀ ਨੌਂ ਵੈਕਸੀਨ ਕਲੀਨਿਕਸ ਖੋਲ੍ਹਣ ਦੀ ਤਿਆਰੀ ਕਰ ਰਹੇ ਹਨ। ਇਹ ਉਦੋਂ ਖੋਲ੍ਹ ਦਿੱਤੇ ਜਾਣਗੇ ਜਦੋਂ ਵੈਕਸੀਨਜ਼ ਦੀਆਂ ਲੋੜੀਂਦੀਆਂ ਡੋਜ਼ਾਂ ਡਲਿਵਰ ਹੋ ਜਾਣਗੀਆਂ।

ਮੇਅਰ ਜੌਹਨ ਟੋਰੀ ਨੇ ਐਲਾਨ ਕੀਤਾ ਕਿ ਸਿਟੀ ਵੱਲੋਂ ਆਪਰੇਟ ਕੀਤੇ ਜਾਣ ਵਾਲੇ ਕੋਵਿਡ-19 ਇਮਿਊਨਾਈਜ਼ੇਸ਼ਨ ਕਲੀਨਿਕਸ ਉਸ ਸਮੇਂ ਉਪਲਬਧ ਹੋਣਗੇ ਜਦੋਂ ਪ੍ਰੋਵਿੰਸ ਵੈਕਸੀਨੇਸ਼ਨ ਲਈ ਤਿਆਰ ਹੋਵੇਗਾ। ਮੇਅਰ ਟੋਰੀ ਨੇ ਆਖਿਆ ਕਿ ਟੀਕਾਕਰਣ ਕਰਵਾਉਣਾ ਬਹੁਤ ਹੀ ਜ਼ਰੂਰੀ ਹੈ। ਇਸ ਨਾਲ ਤੁਹਾਡੀ ਆਪਣੀ, ਤੁਹਾਡੇ ਦੋਸਤਾਂ ਤੇ ਸਹਿ-ਵਰਕਰਜ਼ ਦੀ ਹਿਫਾਜ਼ਤ ਹੁੰਦੀ ਹੈ। ਇਸੇ ਲਈ ਸਿਟੀ ਸਰਕਾਰ ਹੋਰਨਾਂ ਸਰਕਾਰਾਂ ਨਾਲ ਰਲ ਕੇ ਵੈਕਸੀਨ ਦੀ ਵੰਡ ਤੇ ਟੀਕਾਕਰਣ ਨੂੰ ਸੁਖਾਲਾ ਬਣਾਉਣ ਲਈ ਲੋੜੀਂਦੇ ਪ੍ਰਬੰਧ ਕਰ ਰਹੀ ਹੈ।

ਟੋਰੀ ਨੇ ਆਖਿਆ ਕਿ ਹੁਣ ਤਾਂ ਫੈਡਰਲ ਸਰਕਾਰ ਦੀ ਵੈਕਸੀਨ ਸਪਲਾਈ ਉੱਤੇ ਹੀ ਟੇਕ ਹੈ। ਉਨ੍ਹਾਂ ਆਖਿਆ ਕਿ ਇਹ ਕਲੀਨਿਕ ਅਪਰੈਲ ਦੇ ਸ਼ੁਰੂ ਵਿੱਚ ਖੋਲ੍ਹੇ ਜਾਣ ਦਾ ਟੀਚਾ ਹੈ।

ਸਿਟੀ ਵੱਲੋਂ ਆਪਰੇਟ ਕੀਤੇ ਜਾਣ ਵਾਲੇ ਕਲੀਨਿਕ ਹੇਠ ਲਿਖੀਆਂ ਲੋਕੇਸ਼ਨਾਂ ਉੱਤੇ ਬਣਾਏ ਗਏ ਹਨ।

1. Metro Toronto Convention Centre, 255 Front St. W.
2. Toronto Congress Centre, 650 Dixon Rd.
3. Malvern Community Recreation Centre, 30 Sewells Rd.
4. The Hangar, 75 Carl Hall Rd.
5. Scarborough Town Centre, 300 Borough Dr.
6. Cloverdale Mall, 250 The East Mall
7. Mitchell Field Community Centre, 89 Church Ave.
8. North Toronto Memorial Community Centre, 200 Eglinton Ave. W.
9. Carmine Stefano Community Centre, 3100 Weston Rd.




# ਸੋਨੀਆ ਸਿੱਧੂ ਵੱਲੋਂ ਡਾਇਬਟੀਜ਼ ਲਈ ਨੈਸ਼ਨਲ ਫਰੇਮਵਰਕ ਸਥਾਪਤ ਕਰਨ ਲਈ ਬਿੱਲ ਸੀ-237 ਦੀ ਸੰਸਦ 'ਚ ਇਸ ਮਹੀਨੇ ਕੀਤੀ ਜਾਵੇਗੀ ਅਗਲੀ ਰੀਡਿੰਗ

ਬਰੈਂਪਟਨ - ਕੈਨੇਡੀਅਨਜ਼ 'ਚ ਖਾਸਕਰ ਕੈਨੇਡਾ ਦੇ ਸਾਊਥ ਏਸ਼ੀਅਨ ਭਾਈਚਾਰੇ 'ਚ ਸ਼ੂਗਰ ਰੋਗ ਲਗਾਤਾਰ ਪੈਰ ਪਸਾਰਦਾ ਜਾ ਰਿਹਾ ਹੈ ਅਤੇ ਜੇਕਰ ਇਸ ਦਾ ਸਮੇਂ ਸਿਰ ਇਲਾਜ ਨਹੀਂ ਕੀਤਾ ਜਾਂਦਾ ਤਾਂ ਸ਼ੂਗਰ ਦੇ ਮਰੀਜ਼ਾਂ ਨੂੰ ਕਈ ਜਾਨਲੇਵਾ ਪੇਚੀਦਗੀਆਂ ਦਾ ਸਾਹ-ਮਣਾ ਕਰਨਾ ਪੈ ਸਕਦਾ ਹੈ।

ਇਸੇ ਲਈ ਬਰੈਂਪਟਨ ਸਾਊਥ ਤੋਂ ਸੰਸਦ ਮੈਂਬਰ ਸੋਨੀਆ ਸਿੱਧੂ ਵੱਲੋ ਇਸ ਮਹੀਨੇ ਬਿੱਲ ਸੀ - 237, ਡਾਇਬਟੀਜ਼ ਭਾਵ ਸ਼ੂਗਰ ਰੋਗ ਲਈ ਰਾਸ਼ਟਰੀ ਢਾਂਚਾ (ਨੈਸ਼ਨਲ ਫਰੇਮਵਰਕ) ਸਥਾਪਤ ਕਰਨ ਲਈ ਐਕਟ ਲਿਆਂਦਾ ਗਿਆ ਹੈ, ਜਿਸ ਨੂੰ ਇਸ ਮਹੀਨੇ ਸੰਸਦ 'ਚ ਅਗਲੀ ਰੀਡਿੰਗ ਲਈ ਪੜ੍ਹਿਆ ਜਾਵੇਗਾ।ਇਸ ਬਿੱਲ ਤਹਿਤ ਕੈਨੇਡਾ 'ਚ ਇੱਕ ਡਾਇਬਟੀਜ਼ ਰਾਸ਼ਟਰੀ ਫਰੇਮਵਰਕ ਵਿਕਸਤ ਕਰਨ ਦੇ ਟੀਚੇ ਨੂੰ ਨਿਰਧਾਰਤ ਕੀਤਾ ਗਿਆ ਹੈ, ਜਿਸ ਨਾਲ ਕੈਨੇਡਾ ਦੇ ਸ਼ੂਗਰ ਰੋਗੀਆਂ ਦੀ ਰੋਕਥਾਮ ਅਤੇ ਇਲਾਜ਼ ਵਿੱਚ ਸੁਧਾਰ ਲਈ ਕਦਮ ਚੁੱਕੇ ਜਾਣਗੇ।

ਇਸ ਤੋਂ ਪਹਿਲਾਂ 27 ਨਵੰਬਰ ਨੂੰ, ਐੱਮ.ਪੀ ਸੋਨੀਆ ਸਿੱਧੂ ਵੱਲੋਂ ਬਿੱਲ ਸੀ - 237 ਨੂੰ ਸੰਸਦ 'ਚ ਦੂਜੀ ਵਾਰ ਪੜ੍ਹਿਆ ਗਿਆ ਸੀ। ਦੱਸ ਦੇਈਏ ਕਿ ਪਿਛਲੇ ਕਾਰਜਕਾਲ ਦੌਰਾਨ ਸੋਨੀਆ ਸਿੱਧੂ ਨੇ ਮੋਸ਼ਨ-173 ਵੀ ਪੇਸ਼ ਕੀਤਾ ਸੀ, ਜਿਸ ਤਹਿਤ ਨਵੰਬਰ ਵਿੱਚ ਕੈਨਡਾ ਵਿੱਚ ਸ਼ੂਗਰ ਜਾਗਰੂਕਤਾ ਮਹੀਨਾ ਜਾਣ ਲੱਗਿਆ ਹੈ। ਸ਼ੂਗਰ ਦੀ ਰੋਕਥਾਮ ਅਤੇ ਇਲਾਜ ਲਈ ਇਹ ਉਹਨਾਂ ਵੱਲੋਂ ਚੁੱਕਿਆ ਗਿਆ ਅਗਲਾ ਅਹਿਮ ਕਦਮ ਹੈ।



ਇਸ ਸਬੰਧੀ ਗੱਲ ਕਰਦਿਆਂ ਬਰੈਂਪਟਨ ਸਾਊਥ ਤੋਂ ਸੰਸਦ ਮੈਂਬਰ ਸੋਨੀਆ ਸਿੱਧੂ ਨੇ ਕਿਹਾ," ਠੀਕ 100 ਸਾਲ ਪਹਿਲਾਂ, ਸਰ ਫਰੈਡਰਿਕ ਬੈਨਟਿੰਗ ਨੇ ਕੈਨੇਡਾ ਵਿੱਚ ਇਨਸੁਲਿਨ ਦੀ ਖੋਜ ਕੀਤੀ ਸੀ ਅਤੇ ਹੁਣ, ਮੈਨੂੰ ਪੂਰਾ ਵਿਸ਼ਵਾਸ ਹੈ ਕਿ ਅਸੀਂ ਡਾਇਬਟੀਜ਼ ਨੂੰ ਮਾਤ ਪਾਉਣ 'ਚ ਮੋਹਰੀ ਹੋ ਸਕਦੇ ਹਾਂ।

ਇਸ ਤੋਂ ਇਲਾਵਾ ਐੱਮ.ਪੀ ਸੋਨੀਆ ਸਿੱਧੂ ਵੱਲੋਂ ਕੈਨੇਡਾ ਦੀ ਆਲ-ਪਾਰਟੀ ਡਾਇਬਟੀਜ਼ ਕਾਕਸ ਦੀ ਬੈਠਕ ਦੀ ਪ੍ਰਧਾਨਗੀ ਵੀ ਕੀਤੀ ਗਈ, ਜਿਸ 'ਚ ਜ਼ਿਆਦ ਅਬੌਲਤੈਫ, ਮੋਨਿਕ ਪਾਉਜ਼ੀ, ਲਿੰਡਸੇ ਮੈਥਿਸਨ, ਜੇਨਿਕਾ ਅਟਵਿਨ ਅਤੇ ਸੈਨੇਟਰ ਮੈਰੀ-ਫ੍ਰੈਂਕੋਸ ਮੇਗੀ ਸ਼ਾਮਲ ਸਨ। ਐੱਮ.ਪੀ ਸਿੱਧੂ ਨੇ ਕਿਹਾ ਕਿ ਮੈਨੂੰ ਮਾਣ ਹੈ ਕਿ ਆਲ-ਪਾਰਟੀ ਡਾਇਬਟੀਜ਼ ਕਾਕਸ ਨੂੰ ਚੇਅਰ ਕਰਦਿਆਂ ਮੈਨੂੰ ਕੈਨੇਡੀਅਨਾਂ ਦੇ ਤਜਰਬੇ ਅਤੇ ਸੁਝਾਅ ਸੁਣਨ ਦਾ ਮੌਕਾ ਮਿਲਿਆ। ਨਾਲ ਹੀ, ਉਹਨਾਂ ਕਿਹਾ ਕਿ ਉਹਨਾਂ ਨੂੰ ਉਮੀਦ ਹੈ ਕਿ ਇਸ ਮਹੀਨੇ ਦੇ ਅੰਤ ਵਿੱਚ, ਡਾਇਬਟੀਜ਼ ਬਾਰੇ ਇੱਕ ਰਾਸ਼ਟਰੀ ਫਰੇਮਵਰਕ ਵਿਕਸਤ ਕਰਨ ਲਈ ਲਿਆਂਦੇ ਬਿੱਲ ਸੀ-237 ਬਿੱਲ ਨੂੰ ਅੱਗੇ ਵਧਾਉਣ ਲਈ ਸਾਰਿਆਂ ਦਾ ਸਹਿਯੋਗ ਮਿਲੇਗਾ।

ਉਹਨਾਂ ਨੇ ਕਿਹਾ ਕਿ "ਮੈਨੂੰ ਖੁਸ਼ੀ ਹੈ ਕਿ 2019 'ਚ ਕੈਨੇਡਾ ਵਿੱਚ ਨਵੰਬਰ ਨੂੰ ਡਾਇਬਟੀਜ਼ ਜਾਗਰੂਕਤਾ ਮਹੀਨਾ ਐਲਾਨਣ ਲਈ ਸਰਬਸੰਮਤੀ ਨਾਲ ਸਮਰਥਨ ਮਿਲਿਆ ਸੀ। ਪਰ ਡਾਇਬਟੀਜ਼ 'ਤੇ ਮਾਤ ਪਾਉਣ ਦੀ ਸਾਡੀ ਇਸ ਕੋਸ਼ਿਸ਼ 'ਚ ਅਜੇ ਬਹੁਤ ਕੁਝ ਹੋਰ ਕਰਨਾ ਬਾਕੀ ਹੈ, ਜਿਸ ਲਈ ਮੇਰੇ ਵੱਲੋਂ ਨੈਸ਼ਨਲ ਫਰੇਮਵਰਕ ਬਣਾਉਣ ਲਈ ਬਿਲ ਸੀ-237 ਪੇਸ਼ ਕੀਤਾ ਗਿਆ ਹੈ, ਜਿਸਦੀ ਅਗਲੀ ਰੀਡਿੰਗ ਇਸ ਮਹੀਨੇ ਦੇ ਅੰਤ 'ਚ ਹੋਵੇਗੀ।"

# ਨਿਊਜ਼ੀਲੈਂਡ ਪਾਰਲੀਮੈਂਟ ਵਿੱਚੋਂ ਮਾਓਰੀ ਮੈਂਬਰ ਨੂੰ ਟਾਈ ਨਾ ਪਾਉਣ ਕਰ ਕੇ ਬਾਹਰ ਕੱਢ ਦਿੱਤਾ ਗਿਆ

ਵੈਲਿੰਗਟਨ, 10 ਫਰਵਰੀ, (ਪੋਸਟ ਬਿਊਰੋ)- ਨਿਊਜ਼ੀਲੈਂਡ ਦੀ ਪਾਰਲੀਮੈਂਟਵਿੱਚ ਇਕ ਅਨੋਖੀ ਘਟਨਾ ਦੌਰਾਨ ਮਾਊਰੀ ਭਾਈਚਾਰੇ ਦੇ ਇੱਕ ਪਾਰਲੀਮੈਂਟ ਮੈਂਬਰ ਨੂੰ ਸਿਰਫ ਟਾਈ ਨਾ ਪਾਉਣ ਉੱਤੇਫਿਟਕਾਰ ਲਾਈ ਗਈ ਤੇ ਸਵਾਲ ਪੁੱਛਣ ਦੀ ਆਗਿਆ ਦੇਣ ਦੀ ਥਾਂ ਹਾਊਸ ਵਿੱਚੋਂ ਬਾਹਰ ਕੱਢ ਦਿੱਤਾ ਗਿਆ। ਅਸਲ ਵਿਚ ਆਦਿਵਾਸੀ ਪਾਰਲੀਮੈਂਟ ਮੈਂਬਰ (ਐੱਮ ਪੀ) ਰਾਵਿਰੀ ਵੈਤੀਤੀ ਨੇ ਪਾਰਲੀਮੈਂਟ ਵਿਚ ਟਾਈ ਪਾਉਣ ਤੋਂ ਇਨਕਾਰ ਕਰ ਦਿੱਤਾ ਸੀ, ਜਿਸ ਕਾਰਨ ਉਸ ਨੂੰ ਪਾਰਲੀਮੈਂਟ ਵਿਚੋਂ ਬਾਹਰ ਕੱਢ ਦਿੱਤਾ ਗਿਆ। ਵੈਤੀਤੀ ਨੇ ਕਿਹਾ ਕਿ ਟਾਈ ਪਾਉਣ ਦਾ ਨਿਯਮ ਅੱਜ ਦੇ ਸਮੇਂ ਵਿਚ ਠੀਕ ਨਹੀਂ। ਉਨ੍ਹਾਂ ਕਿਹਾ ਕਿ ਇਸੇ ਹਾਊਸ ਵਿਚ ਮੈਕਸੀਕੋ ਮੂਲ ਦੇ ਐੱਮ ਪੀ ਆਪਣੀ ਰਵਾਇਤੀ ਟਾਈ ਪਾਉਂਦੇ ਹਨ, ਪਰ ਉਨ੍ਹਾਂ ਉੱਤੇ ਕਿਸੇ ਨੂੰ ਇਤਰਾਜ਼ ਨਹੀਂ। ਉਨ੍ਹਾਂਸਵਾਲ ਪੁੱਛਿਆ ਕਿ ਸਾਨੂੰ ਆਦਿ ਵਾਸੀਆਂ ਨੂੰ ਕਿਉਂ ਰੋਕਿਆ ਜਾਂਦਾ ਹੈ? ਉਹਨਾਂ ਨੇ ਕਿਹਾ ਕਿ ਟਾਈ ਸਾਡੇ ਲਈ ਗੁਲਾਮੀ ਦਾ ਪ੍ਰਤੀਕ ਹੈ ਅਤੇ ਅਸੀਂ ਇਸ ਨੂੰ ਨਹੀਂ ਪਾਵਾਂਗੇ। ਇਸ ਨਾਲ ਨਿਊਜ਼ੀਲੈਂਡ ਵਿਚ ਨਵਾਂ ਵਿਵਾਦ ਖੜਾ ਹੋ ਗਿਆ।

ਨਿਊਜ਼ੀਲੈਂਡ ਪਾਰਲੀਮੈਂਟ ਦੇ ਸਪੀਕਰ ਟ੍ਰੇਵਰ ਮਲਾਰਡ ਨੇ ਆਦਿਵਾਸੀ ਐੱਮ ਪੀ ਰਾਵਿਰੀ ਵੈਤੀਤੀ ਨੂੰ ਨਸੀਹਤ ਦਿੰਦੇ ਹੋਏ ਕਿਹਾ ਕਿ ਜੇ ਉਨ੍ਹਾਂ ਨੇ ਸਰਕਾਰ ਤੋਂ ਸਵਾਲ ਪੁੱਛਣੇ ਹਨ ਤਾਂ ਉਨ੍ਹਾਂ ਨੂੰ ਟਾਈ ਪਾਉਣੀ ਹੋਵੇਗੀ, ਪਰ ਜਦੋਂਐੱਮ ਪੀ ਨੇ ਅਜਿਹਾ ਕਰਨ ਤੋਂ ਇਨਕਾਰ ਕੀਤਾ ਤਾਂ ਉਨ੍ਹਾਂ ਨੂੰ ਸਦਨ ਤੋਂ ਕੱਢ ਦਿੱਤਾ ਗਿਆ। ਇਸ ਕਾਰਨ ਸਪੀਕਰ ਦੇ ਫ਼ੈਸਲੇ ਦੀ ਕਾਫੀ ਆਲੋਚਨਾ ਹੋ ਰਹੀ ਹੈ। ਕੁਝ ਦਿਨ ਪਹਿਲਾਂ ਵੀ ਸਪੀਕਰ ਨੇ ਰਾਵਿਰੀਵੈਤੀਤੀ ਨੂੰ ਕਿਹਾ ਸੀ ਕਿ ਜੇਸਰਕਾਰ ਦੇ ਕਿਸੇ ਮੰਤਰੀ ਤੋਂ ਸਵਾਲ ਪੁੱਛਣਾ ਚਾਹੁੰਦੇ ਹਨ ਤਾਂ ਉਨ੍ਹਾਂ ਨੂੰ ਨਿਯਮਾਂ ਮੁਤਾਬਕ ਟਾਈ ਪਾਉਣੀ ਹੋਵੇਗੀ।



ਵਰਣਨ ਯੋਗ ਹੈ ਕਿ ਰਾਵਿਰੀ ਵੈਤੀਤੀ ਓਥੋਂ ਦੇ ਮਾਓਰੀ ਆਦਿਵਾਸੀ ਕਬੀਲੇ ਨਾਲ ਸੰਬੰਧ ਰੱਖਦੇ ਹਨ ਤੇ ਮਾਓਰੀ ਪਾਰਟੀ ਦੇ ਮੈਂਬਰ ਹਨ। ਇਸ ਵਾਰ ਉਹ ਸਦਨ ਵਿਚ ਟਾਈ ਦੀ ਥਾਂ ਕਬੀਲੇ ਨਾਲ ਜੁੜਿਆ ਇਕ ਲਾਕੇਟ ਪਾ ਕੇ ਪਹੁੰਚੇ ਸਨ। ਇਸ ਮਗਰੋਂ ਸਪੀਕਰ ਨੇ ਉਨ੍ਹਾਂ ਨੂੰ ਆਪਣੇ ਚੈਂਬਰ ਵਿਚ ਬੁਲਾ ਕੇ ਸਮਝਾਇਆ ਕਿ ਟਾਈ ਪਾਉਣੀ ਜ਼ਰੂਰੀ ਹੈ, ਪਰ ਉਨ੍ਹਾਂ ਨੇ ਸਾਫ ਇਨਕਾਰ ਕਰ ਕੇ ਇਸ ਨੂੰ ਗੁਲਾਮੀ ਦਾ ਪ੍ਰਤੀਕ ਦੱਸਿਆ।















# ਵਿੱਚ ਬਾਗ਼ਾਂ ਦੇ ਸੋਹੇ ਕੇਲਾ..

-ਡਾ. ਬਲਵਿੰਦਰ ਸਿੰਘ ਲੱਖੇਵਾਲੀ

ਵਿੱਚ ਬਾਗ਼ਾਂ ਦੇ ਸੋਹੇ ਕੇਲਾ, ਖੇਤਾਂ ਵਿੱਚ ਰਹੂੜਾ
ਤੈਨੂੰ ਵੇਖ ਕੇ ਤਿੰਨ ਵਲ ਖਾਵਾਂ, ਖਾ ਕੇ ਮਰਾਂ ਧਤੂਰਾ
ਕਾਹਨੂੰ ਪਾਇਆ ਸੀ, ਪਿਆਰ ਵੈਰਨੇ ਗੂੜ੍ਹਾ

ਸਾਡਾ ਸਹਿਤ-ਸੱਭਿਆਚਾਰ ਬੇਹੱਦ ਅਮੀਰ ਤਾਂ ਹੈ ਹੀ, ਇਸ ਦੇ ਨਾਲ-ਨਾਲ ਗਿਆਨ 'ਚ ਵਾਧਾ ਕਰਨ ਵਿੱਚ ਵੀ ਯੋਗਦਾਨ ਪਾਉਂਦਾ ਹੈ। ਜਦੋਂ ਮੈਂ ਕੇਲੇ ਬਾਰੇ ਸਾਹਿਤ ਦੇ ਪੰਨੇ ਫੋਲ ਰਿਹਾ ਸੀ ਤਾਂ ਉਪਰ ਲਿਖੀ ਲੋਕ ਬੋਲੀ ਪੜ੍ਹ ਮਨ ਬੜਾ ਪ੍ਰਸੰਨ ਹੋਇਆ ਕਿ ਕੇਲੇ ਦੇ ਬਾਗ਼ੀਂ ਸੋਹਣ ਦੀ ਗੱਲ ਤਾਂ ਹੈ ਹੀ, ਸਾਡੇ ਵਿਰਾਸਤੀ ਰੁੱਖ ਰਹੂੜੇ ਅਤੇ ਜ਼ਹਿਰ ਭਰਪੂਰ ਧਤੂਰੇ ਦਾ ਜ਼ਿਕਰ ਵੀ ਹੈ। ਕੇਲਾ ਨਾਮੀ ਪੌਦੇ ਦਾ ਮੂਲ ਸਥਾਨ ਪੰਜਾਬ ਨਹੀਂ, ਪਰ ਪੁਰਾਣੇ ਵੇਲਿਆਂ ਤੋਂ ਸਾਡੇ ਜੀਵਨ ਨਾਲ ਜੁੜਿਆ ਹੋਣ ਕਰ ਕੇ ਇਹ ਸਾਹਿਤ ਵਿੱਚ ਅਨੇਕ ਥਾਈਂ ਆਪਣੀ ਹਾਜ਼ਰੀ ਲਵਾਉਂਦਾ ਨਜ਼ਰ ਆਉਂਦਾ ਹੈ-

ਕੇਲਾ ਕੇਲਾ ਕੇਲਾ, ਤਿੰਨ ਭਾਈ ਕੰਮ ਕਰਦੇ
ਚੌਥਾ ਬੋਲੀਆਂ ਪਾਉਣ ਨੂੰ ਵਿਹਲਾ,
ਬੋਲੀ ਓਹਦੀ ਇਉਂ ਚਲਦੀ, ਜਿਉਂ ਸੜਕ 'ਤੇ ਠੇਲਾ
ਆਪਣੇ ਕੰਤ ਬਿਨਾਂ, ਕੌਣ ਵਿਖਾਵੇ ਮੇਲਾ

ਕੇਲੇ ਨਾਲ ਜਦੋਂ ਮਨੁੱਖੀ ਸਾਂਝ ਦੀ ਗੱਲ ਤੁਰਦੀ ਹੈ ਤਾਂ ਇਤਿਹਾਸ ਵਿੱਚੋਂ ਹੁੰਦਿਆਂ ਹੋਇਆ ਮਿਥਿਹਾਸ ਤੋਂ ਲੈ ਕੇ ਮਨੁੱਖੀ ਹੋਂਦ ਤੱਕ ਜਾ ਪੁੱਜਦੀ ਹੈ। ਕੁਝ ਲੋਕਾਂ ਦਾ ਮੰਨਣਾ ਹੈ ਕਿ ਸਭ ਤੋਂ ਪਹਿਲਾਂ ਕੇਲੇ ਈਡਨ ਦੇ ਬਾਗ਼ਾਂ ਵਿੱਚ ਉਗੇ ਅਤੇ ਆਦਮ ਨੇ ਇਨ੍ਹਾਂ ਦੇ ਪੱਤਿਆਂ ਨੂੰ ਵਸਤਰ ਵਜੋਂ ਪਹਿਨਿਆ। ਇਤਿਹਾਸ ਦੇ ਪੰਨੇ ਫੋਲਦਿਆਂ ਪਤਾ ਲੱਗਦਾ ਹੈ ਕਿ ਹਿੰਦੂ ਦੇਵੀ-ਦੇਵਤਿਆਂ ਨਾਲ ਕੇਲੇ ਦੇ ਪੌਦੇ ਜਾਂ ਇਸ ਦੇ ਵੱਖ-ਵੱਖ ਭਾਗਾਂ ਦਾ ਗੂੜ੍ਹਾ ਸਬੰਧ ਹੈ। ਕੇਲੇ ਨਾਮੀ ਪੌਦੇ ਨੂੰ ਬ੍ਰਹਿਸਪਤ ਗ੍ਰਹਿ ਨਾਲ ਜੋੜ ਕੇ ਬ੍ਰਹਿਸਪਤ ਦੇਵਤੇ ਵਜੋਂ ਜਾਣ ਕੇ ਵੀਰਵਾਰ ਵਾਲੇ ਦਿਨ ਪੂਜਾ ਕਰਨੀ ਸ਼ੁਭ ਮੰਨੀ ਜਾਂਦੀ ਹੈ। ਸ਼ਿਵ ਭਗਵਾਨ, ਵਿਸ਼ਨੂੰ ਮਹਾਰਾਜ ਤੇ ਲਕਸ਼ਮੀ ਮਾਤਾ ਦੀ ਪੂਜਾ ਵੀ ਇਸ ਪੌਦੇ ਦੇ ਸੰਦਰਭ ਵਿੱਚ ਕੀਤੀ ਜਾਂਦੀ ਹੈ। ਕੇਲੇ ਦੇ ਪੱਤੇ ਗਣੇਸ਼ ਨੂੰ ਭੇਟ ਕਰਨੇ ਸ਼ੁਭ ਮੰਨੇ ਜਾਂਦੇ ਹਨ। ਕੁਝ ਲੋਕ ਮੰਗਲੀਕ ਦੋਸ਼ ਵਾਲਿਆਂ ਨੂੰ ਦੋਸ਼ ਦੂਰ ਕਰਨ ਦੇ ਲਈ ਕੇਲੇ ਨਾਲ ਵਿਆਹ ਦੀ ਰਸਮ ਨਿਭਾਉਣ ਦੀ ਸਲਾਹ ਦਿੰਦੇ ਹਨ। ਕੁਝ ਘਰਾਂ ਵਿੱਚ ਔਰਤਾਂ ਕੱਤੇ ਦੇ ਮਹੀਨੇ ਕੇਲੇ ਦੀ ਪੂਜਾ ਕਰਦੀਆਂ ਹਨ। ਬੋਧੀ ਲੋਕ ਇਸ ਫ਼ਲ ਦਾ ਖ਼ਾਸ ਸਤਿਕਾਰ ਕਰਦੇ ਹਨ ਅਤੇ ਕੇਲੇ ਤੋਂ ਬਣਿਆ ਖ਼ਾਸ ਪਦਾਰਥ 'ਮੋਚਾਧਾਨ' ਪੀਂਦੇ ਸਨ, ਜਿਸ ਦਾ ਜ਼ਿਕਰ ਬੁੱਧ ਸਹਿਤ ਵਿੱਚ ਵੇਖਣ ਨੂੰ ਮਿਲਦਾ ਹੈ।

ਮਹਾਂਕਾਲੀ ਦੇ ਨੌਂ ਰੂਪਾਂ ਵਜੋਂ ਇਸ ਰੁੱਖ ਨੂੰ ਪਵਿੱਤਰ ਮੰਨਿਆ ਗਿਆ ਹੈ। 'ਕੁਬੇਰ ਪੁਸ਼ਕਰਮ' ਨਦੀ ਦੇ ਕੰਢੇ ਬਣੇ 'ਕਦਲੀ ਵਨ' ਕੇਲਿਆਂ ਦੇ ਬਾਗ਼ ਨੂੰ ਹਨੂੰਮਾਨ ਦਾ ਘਰ ਕਿਹਾ ਗਿਆ ਹੈ। ਸੰਸਕ੍ਰਿਤ ਵਿੱਚ ਇਸ ਨੂੰ ਮੋਚਾ ਅਤੇ ਹਿੰਦੀ ਵਿੱਚ ਕੇਲਾ ਜਾਂ ਕਦਲੀ ਕਿਹਾ ਜਾਂਦਾ ਹੈ। ਬਾਂਦਰ ਜਾਤੀ ਨਾਲ ਵੀ ਕੇਲੇ ਦਾ ਗੂੜ੍ਹਾ ਸਬੰਧ ਮੰਨਿਆ ਜਾਂਦਾ ਹੈ। ਹਿੰਦੂ ਇਤਿਹਾਸ ਵਿੱਚ ਅੰਬ, ਇਮਲੀ, ਅੰਜ਼ੀਰ, ਆਲੂ ਬੁਖਾਰਾ ਤੇ ਕੇਲੇ ਨੂੰ ਪੰਜ ਭੈਣਾਂ ਮੰਨਿਆ ਜਾਂਦਾ ਰਿਹਾ ਹੈ। ਕੇਲੇ ਦੇ ਪੌਦੇ ਜਾਂ ਤਣੇ ਕੱਟ ਕੇ ਤਿੱਥ-ਤਿਉਹਾਰਾਂ ਦੇ ਸਮੇਂ ਘਰਾਂ ਦੇ ਮੁੱਖ ਦਰਵਾਜ਼ੇ 'ਤੇ ਲਾਉਣਾ ਸ਼ੁਭ ਸਮਝਿਆ ਜਾਂਦਾ ਰਿਹਾ ਹੈ। ਭਾਰਤ ਦੇ ਬਹੁਤੇ ਰਾਜਾਂ ਵਿੱਚ ਵਿਆਹ ਦੀਆਂ ਰਸਮਾਂ ਵਿੱਚ ਵੀ ਕੇਲੇ ਦੇ ਪੱਤੇ, ਫ਼ਲ ਆਦਿ ਦੀ ਖ਼ਾਸ ਤੌਰ 'ਤੇ ਵਰਤੋਂ ਕੀਤੀ ਜਾਂਦੀ ਹੈ।

ਕੇਲੇ ਦਾ ਜ਼ਿਕਰ ਜਾਂ ਸਬੰਧ ਸਿਰਫ਼ ਹਿੰਦੂ ਰਹੁ-ਰੀਤਾਂ ਤੱਕ ਸੀਮਤ ਨਹੀਂ, ਵਿਸ਼ਵ ਦੇ ਹੋਰ ਧਰਮਾਂ ਵਿੱਚ ਵੀ ਵੇਖਣ ਨੂੰ ਮਿਲਦਾ ਹੈ। ਅਨੇਕਾਂ ਵੇਦਾਂ-ਗ੍ਰੰਥਾਂ ਵਿੱਚ ਇਸ ਦਾ ਜ਼ਿਕਰ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਵੀ ਕੇਲੇ ਦਾ ਜ਼ਿਕਰ ਕੇਲਾ, ਕਦਲੀ, ਕਜਲੀ ਆਦਿ ਨਾਵਾਂ ਰਾਹੀਂ ਭਗਤ ਕਬੀਰ ਜੀ ਵੱਲੋਂ ਕੀਤਾ ਗਿਆ ਹੈ-

* ਕਬੀਰ ਮਾਰੀ ਮਰਉ ਕੁਸੰਗ ਕੀ ਕੇਲੇ ਨਿਕਟਿ ਜੁ ਬੇਰਿ॥
ਉਹ ਝੂਲੇ ਉਹ ਚੀਰੀਐ ਸਾਕਤ ਸੰਗੁ ਨ ਹੇਰਿ॥
* ਕਦਲੀ ਪੁਹਪ ਧੂਪ ਪਰਗਾਸ॥
ਰਸ ਪੰਕਜ ਮਹਿ ਲੀਓ ਨਿਵਾਸ॥
* ਕਬੀਰ ਕਾਇਆ ਕਜਲੀ ਬਨੁ ਭਇਆ
ਮਨੁ ਕੁੰਚਰੁ ਮਯ ਮੰਤੁ॥

ਭਗਤ ਨਾਮਦੇਵ ਜੀ ਦੀ ਬਾਣੀ ਵਿੱਚ ਕੇਲੇ ਦਾ ਜ਼ਿਕਰ 'ਕੇਲ' ਵਜੋਂ ਕੀਤਾ ਗਿਆ ਹੈ।

ਮਾਲੀ ਕੇ ਘਰ ਕੇਲ ਆਛੈ ਕੇਲ ਬੇਲ ਤੇਲ ਗੋ॥

ਮੁਸਲਿਮ ਭਾਈਚਾਰੇ ਦੇ ਲੋਕ ਪੁਰਾਤਨ ਸਮੇਂ ਤੋਂ ਇਹ ਮੰਨਦੇ ਹਨ ਕਿ ਕੇਲਾ ਸਵਰਗ ਦਾ ਫ਼ਲ ਹੈ। ਕੁਝ ਪੁਰਾਤਨ ਕਿਤਾਬਾਂ ਵਿੱਚ ਵੀ ਕੇਲੇ ਨੂੰ 'ਆਦਮ ਦਾ ਅੰਜ਼ੀਰ' ਜਾਂ 'ਸਵਰਗ ਫ਼ਲ' ਲਿਖਿਆ ਪੜ੍ਹਨ ਨੂੰ ਮਿਲਦਾ ਹੈ।

ਕੇਲੇ ਦੇ ਮੂਲ ਸਥਾਨ ਅਤੇ ਇਤਿਹਾਸਕ ਪੱਖ 'ਤੇ ਜਦੋਂ ਝਾਤੀ ਮਾਰੀ ਜਾਂਦੀ ਹੈ ਤਾਂ ਕਈ ਪੱਖ ਨਜ਼ਰ ਆਉਂਦੇ ਹਨ। ਕੁਝ ਵਿਗਿਆਨਕ ਇਤਿਹਾਸਕਾਰਾਂ ਦੇ ਆਪੋ-ਆਪਣੇ ਪੱਖ ਹਨ, ਪਰ ਮੋਟੇ ਤੌਰ 'ਤੇ ਮੰਨਿਆ ਜਾਂਦਾ ਹੈ ਕਿ ਸ਼ੁਰੂਆਤੀ ਸਮੇਂ ਵਿੱਚ ਇਹ ਫ਼ਲ ਦੱਖਣ-ਪੂਰਬੀ ਏਸ਼ੀਆ ਵਿੱਚ ਪਾਇਆ ਗਿਆ, ਖ਼ਾਸ ਕਰ ਭਾਰਤ ਜਾਂ ਇਸ ਦੇ ਆਸ-ਪਾਸ। ਜਿੱਥੋਂ ਪੱਛਮ ਵੱਲ ਅਰਬ ਲੈ ਕੇ ਗਏ। ਏਸ਼ੀਆ ਤੋਂ ਅਫ਼ਰੀਕਾ ਹੁੰਦੇ ਵਿਸ਼ਵ ਦੇ ਵੱਖ-ਵੱਖ ਕੋਨਿਆਂ ਵਿੱਚ ਪੁੱਜਿਆ। ਕੁਝ ਲੋਕ ਇਸ ਦਾ ਮੂਲ ਸਥਾਨ ਵਿਸ਼ੇਸ਼ ਤੌਰ 'ਤੇ ਆਸਾਮ ਦੇ ਪਹਾੜੀ ਖਿੱਤੇ, ਬਰਮਾ, ਥਾਈਲੈਂਡ ਜਾਂ ਹਿੰਦ-ਚੀਨ ਵਿਚਕਾਰ ਮੰਨਦੇ ਹਨ। ਕੇਲਾ ਵਿਸ਼ਵ ਦੀਆਂ ਕਾਸ਼ਤ ਕੀਤੀਆਂ ਜਾਣ ਵਾਲੀਆਂ ਪੁਰਾਤਨ ਫ਼ਸਲ ਵਿੱਚੋਂ ਇੱਕ ਹੈ। 'ਨਿਊ ਗਿੰਨੀ' ਵਿੱਚ ਇਸ ਦੀ ਕਾਸ਼ਤ ਕਰਨ ਦੇ ਪ੍ਰਮਾਣ ਹਜ਼ਾਰਾਂ ਸਾਲ ਪੁਰਾਤਨ ਵੇਲੇ ਦੇ ਮਿਲਦੇ ਹਨ।

ਜਦੋਂ ਸਿਕੰਦਰ ਨੇ 327 ਪੂਰਵ ਈਸਵੀ ਵਿੱਚ ਹਿੰਦੋਸਤਾਨ 'ਤੇ ਹਮਲਾ ਕੀਤਾ ਤਾਂ ਯੂਨਾਨੀ ਲੋਕ ਸਿੰਧ ਦੀ ਵਾਦੀ ਵਿੱਚ ਕੇਲੇ ਦੀ ਖੇਤੀ ਤੋਂ ਬਹੁਤ ਜ਼ਿਆਦਾ ਪ੍ਰਭਾਵਿਤ ਹੋਏ। ਮੰਨਿਆ ਜਾਂਦਾ ਹੈ ਕਿ ਕੇਲਾ ਸੱਤਵੀਂ ਸਦੀ ਵਿੱਚ ਅਰਬਾਂ ਰਾਹੀਂ ਭਾਰਤ ਤੋਂ ਫਲਸਤੀਨ ਤੇ ਮਿਸਰ ਵਿੱਚ ਗਿਆ। 343-ਖੰਡੀ ਅਮਰੀਕਾ ਵਿੱਚ ਇਸ ਦੀ ਕਾਸ਼ਤ ਖ਼ੂਬ ਵਿਕਸਤ ਹੋਈ। ਵੱਡੇ ਪੱਧਰ 'ਤੇ ਕੇਲੇ ਦੀ ਕਾਸ਼ਤ 1834 ਦੇ ਨੇੜੇ ਜਾ ਕੇ ਹੋਣੀ ਸ਼ੁਰੂ ਹੋਈ। ਅਮਰੀਕਾ ਦੇ ਲੋਕ ਕੇਲੇ ਨੂੰ ਤਾਜ਼ੇ ਫ਼ਲ ਵਜੋਂ ਖਾਣਾ ਖ਼ੂਬ ਪਸੰਦ ਕਰਨ ਲੱਗੇ। ਅੱਜ ਸਥਿਤੀ ਇਹ ਹੋ ਚੁੱਕੀ ਹੈ ਕਿ ਭੋਜਨ ਦੀ ਸ਼੍ਰੇਣੀ ਵਿੱਚ ਚੌਲ, ਕਣਕ ਅਤੇ ਮੱਕੀ ਉਪਰੰਤ ਕੇਲਾ ਚੌਥੇ ਨੰਬਰ 'ਤੇ ਪੁੱਜ ਗਿਆ ਹੈ। ਸਮੇਂ ਦੇ ਚਲਦਿਆਂ ਅਤੇ ਆਵਾਜਾਈ, ਢੋਆ-ਢੁਆਈ ਦੇ ਆਧੁਨਿਕ ਸਾਧਨਾਂ ਸਦਕਾ ਕੇਲਾ ਵਿਸ਼ਵ ਦੇ ਹਰ ਕੋਨੇ ਵਿੱਚ ਪੁੱਜ ਚੁੱਕਿਆ ਹੈ।

ਵਿਗਿਆਨਕ ਪੱਖੋਂ ਵੇਖਿਆ ਜਾਵੇ ਤਾਂ ਕੇਲੇ ਦਾ ਸਬੰਧ ਮਿਊਸਾਸੀ ਪਰਵਾਰ ਦੀ ਮਿਊਸਾ ਜਾਤੀ ਨਾਲ ਹੈ। ਪੁਰਾਤਨ ਵੇਲਿਆਂ ਤੋਂ ਮਿਊਸਾ ਦੀਆਂ ਜੰਗਲੀ ਜਾਤਾਂ ਮਿਲਦੀਆਂ ਹਨ, ਜਿਨ੍ਹਾਂ ਵਿੱਚੋਂ ਹੌਲੀ-ਹੌਲੀ ਮੌਜੂਦਾ ਕਈ ਕਿਸਮਾਂ ਦਾ ਨਿਕਾਸ ਤੇ ਵਿਕਾਸ ਹੋਇਆ। ਅਜੋਕੇ ਸਮੇਂ ਵਿੱਚ ਦੋਗਲੀਆਂ ਅਤੇ ਟਿਸ਼ੂ ਕਲਚਰ ਵਿਧੀ ਰਾਹੀਂ ਤਿਆਰ ਕਿਸਮਾਂ ਵੀ ਪਾਲੀਆਂ ਜਾਂਦੀਆਂ ਹਨ। ਵਿਕਸਤ ਕਿਸਮਾਂ ਤੇ ਜੰਗਲੀ ਕਿਸਮਾਂ ਸਬੰਧੀ ਅਕਸਰ ਲੋਕ ਭਰਮ-ਭੁਲੇਖਿਆਂ ਵਿੱਚ ਰਹਿੰਦੇ ਹਨ। ਜੰਗਲੀ ਕਿਸਮਾਂ ਵਿੱਚ ਬਹੁਤ ਮੋਟੇ ਬੀਜ ਹੁੰਦੇ ਹਨ। ਜ਼ਿਆਦੇ ਲੋਕ 'ਮਲੈਂਟੇਨ' ਸ਼ਬਦ ਕੇਲੇ ਦੀਆਂ ਬੀਜ ਵਾਲੀਆਂ ਜੰਗਲੀ ਕਿਸਮਾਂ ਲਈ ਵਰਤਣਾ ਵੱਧ ਢੁਕਵਾਂ ਸਮਝਦੇ ਹਨ, ਜਿਨ੍ਹਾਂ ਨੂੰ ਕੱਚਾ ਘੱਟ, ਪਰ ਰਿੰਨ੍ਹ-ਪਕਾ ਕੇ ਖਾਧਾ ਜਾਂਦਾ ਹੈ। ਪੁਰਾਣੇ ਸਮਿਆਂ ਵਿੱਚ ਬੀਜ ਵਾਲੇ ਜੰਗਲੀ ਕੇਲਿਆਂ ਨੂੰ 'ਭੀਮ' ਵੀ ਕਿਹਾ ਜਾਂਦਾ ਸੀ। ਐਫ ਏ ਓ ਦੇ ਇੱਕ ਖੋਜ ਪੱਤਰ ਮੁਤਾਬਕ ਕੇਲਿਆਂ ਦੀਆਂ ਤਕਰੀਬਨ ਇੱਕ ਹਜ਼ਾਰ ਕਿਸਮਾਂ ਪਾਈਆਂ ਜਾਂਦੀਆਂ ਹਨ। ਵਿਗਿਆਨੀ ਕੇਲੇ ਦੇ ਫ਼ਲ ਨੂੰ 'ਬੈਰੀ' ਮੰਨਦੇ ਹਨ, ਜਿਸ ਦਾ ਆਕਾਰ, ਰੋਗ ਤੇ ਕਿਸਮ ਇਲਾਕੇ ਅਨੁਸਾਰ ਵੱਧ-ਘੱਟ ਤੇ ਬਦਲਦਾ ਰਹਿੰਦਾ ਹੈ। ਸਟਾਰਚ ਭਰਪੂਰ ਇਹ ਫ਼ਲ ਪੀਲੇ, ਲਾਲ, ਜਾਮਣੀ, ਭੂਰੇ ਆਦਿ ਰੰਗਾਂ ਵਿੱਚ ਵੇਖਣ ਨੂੰ ਮਿਲਦਾ ਹੈ। ਇਸ ਦੇ ਤਣੇ ਅਤੇ ਪੱਤਿਆਂ ਦਾ ਆਕਾਰ ਵੀ ਵੱਡਾ-ਛੋਟਾ ਹੁੰਦਾ ਹੈ। ਹੜੱਪਾ ਵਰਗੀਆਂ ਪੁਰਾਤਨ ਸੱਭਿਆਤਾਵਾਂ ਵਿੱਚ ਵੀ ਕੇਲੇ ਸਬੰਧੀ ਤੱਥ ਨਜ਼ਰ ਆਏ ਹਨ।

ਕੇਲੇ ਨੂੰ ਫ਼ਲ ਦੇ ਤੌਰ 'ਤੇ ਖਾਣ ਤੋਂ ਬਿਨਾਂ ਸਟੀਮ ਵਿਧੀ ਰਾਹੀਂ ਚੌਲ, ਬਾਂਸ, ਪੈਨ ਕੇਕ, ਚਿਪਸ, ਆਟੇ ਦੇ ਤੌਰ ਉਤੇ ਵਰਤਿਆ ਜਾਂਦਾ ਹੈ। ਕੁਝ ਇਲਾਕਿਆਂ ਵਿੱਚ ਇਸ ਦੇ ਫੁੱਲਾਂ (ਬਨਾਨਾ ਹਾਰਟ) ਨੂੰ ਸਬਜ਼ੀ ਵਜੋਂ ਕੱਚਾ ਜਾਂ ਪਕਾ ਕੇ ਸੂਪ-ਸਬਜ਼ੀਆਂ ਬਣਾਈਆਂ ਜਾਂਦੀਆਂ ਹਨ। ਕੇਲੇ ਦੇ ਪੱਤਿਆਂ ਦਾ ਉਪਯੋਗ ਕਈ ਤਰ੍ਹਾਂ ਕੀਤਾ ਜਾਂਦਾ ਹੈ। ਵਾਟਰ ਪਰੂਫ ਵਜੋਂ, ਭੋਜਨ ਪਰੋਸਣ ਤੋਂ ਲੈ ਕੇ ਹੋਰ ਭੋਜਨਾਂ ਨੂੰ ਸਟੀਮ (ਭਾਫ਼) ਵਿਧੀ ਲਈ ਵਰਤਿਆ ਜਾਂਦਾ ਹੈ। ਕੇਲੇ ਦੀਆਂ ਕਈ ਕਿਸਮਾਂ ਵਿੱਚੋਂ ਰੇਸ਼ੇ ਦੀ ਪ੍ਰਾਪਤੀ ਕੀਤੀ ਜਾਂਦੀ ਹੈ। ਜਾਪਾਨੀ ਤਕਨੀਕਾਂ ਵਿੱਚ ਕੱਪੜੇ ਤਿਆਰ ਕਰਨ ਦੀ ਵਿਧੀ ਵਿੱਚ ਵੀ ਕੇਲੇ ਦੇ ਰੇਸ਼ਿਆਂ ਨੂੰ ਵਰਤਿਆਂ ਜਾਂਦਾ ਹੈ। ਕੁਝ ਕੇਲੇ ਦੇ ਰੇਸ਼ਿਆਂ ਤੋਂ ਕਾਗ਼ਜ਼ ਵੀ ਤਿਆਰ ਕਰਦੇ ਹਨ। ਥਾਈਲੈਂਡ ਦੇ ਲੋਕਾਂ ਦੇ ਮਿਥਿਹਾਸ-ਇਤਿਹਾਸ ਵਿੱਚ ਵੀ ਕੇਲੇ ਦਾ ਖ਼ਾਸ ਜ਼ਿਕਰ ਨਜ਼ਰ ਆਉਂਦਾ ਹੈ।

ਸੁਹਾਂਜਣੇ ਵਾਂਗ ਕੇਲਾ ਵੀ ਪਾਣੀ ਸ਼ੁੱਧੀਕਰਣ ਵਿੱਚ ਸਹਾਈ ਹੋ ਨਿੱਬੜਦਾ ਹੈ, ਜਿੱਥੋਂ ਕਿਤੇ ਵੀ ਇਹ ਪਾਣੀ ਦੇ ਸੋਮੇ ਨੇੜੇ ਜਾਂ ਕੰਢੇ ਉਗਿਆ ਹੋਵੇ। ਕੇਲੇ ਦਾ ਫ਼ਲ ਸਿਹਤ ਪੱਖੋਂ ਬੜਾ ਲਾਭਕਾਰੀ ਹੁੰਦਾ ਹੈ, ਇਸ ਵਿੱਚ ਕਈ ਤਰ੍ਹਾਂ ਦੇ ਵਿਟਾਮਿਨ ਅਤੇ ਹੋਰ ਗੁਣਕਾਰੀ ਤੱਤ, ਜਿਵੇਂ ਵਿਟਾਮਿਨ ਕੇ, ਵਿਟਾਮਿਨ ਏ, ਸੀ ਬੀ, ਪੋਟਾਸ਼ੀਅਮ, ਪੈਕਟਿਨ, ਮੈਗਨੀਸ਼ੀਅਮ, ਲੋਹਾ ਆਦਿ ਪਾਏ ਜਾਂਦੇ ਹਨ। ਇਹ ਦਿਲ ਦੀਆਂ ਬਿਮਾਰੀਆਂ, ਹਾਜ਼ਮੇ, ਕਿਡਨੀ ਤੇ ਪੇਟ ਦੇ ਅਨੇਕਾਂ ਰੋਗਾਂ ਲਈ ਲਾਭਕਾਰੀ ਹੁੰਦਾ ਹੈ। ਬੱਚਿਆਂ ਨੂੰ ਨਰਮ ਕੇਲਾ ਪਹਿਲੇ ਠੋਸ ਪਦਾਰਥ ਵਜੋਂ ਦਿੱਤਾ ਜਾਂਦਾ ਹੈ। ਇਹ ਊਰਜਾ ਦਾ ਬਹੁਤ ਬਿਤਹਰੀਨ ਸਰੋਤ ਹੈ। ਕੇਲੇ ਵਿੱਚ ਪਾਇਆ ਜਾਣ ਵਾਲਾ 'ਟ੍ਰਾਈਪਟੋਫਨ' ਡਿਪਰੈਸ਼ਨ ਦੇ ਮਰੀਜ਼ਾਂ ਲਈ ਲਾਭਕਾਰੀ ਸਿੱਧ ਹੁੰਦਾ ਹੈ। ਭਾਰਤ ਵਿਸ਼ਵ ਦਾ ਕੇਲਾ ਪੈਦਾ ਕਰਨ ਵਾਲਾ ਪ੍ਰਮੁੱਖ ਦੇਸ਼ ਹੈ, ਜਿਸ ਦੇ ਸੂਬਿਆਂ ਜਿਵੇਂ ਕਿ ਆਂਧਰਾ ਪ੍ਰਦੇਸ਼, ਆਸਾਮ, ਬਿਹਾਰ, ਗੁਜਰਾਤ, ਕਰਨਾਟਕ, ਕੇਰਲਾ, ਮੱਧ ਪ੍ਰਦੇਸ਼, ਮਹਾਰਾਸ਼ਟਰ, ਉੜੀਸਾ ਤੇ ਪੱਛਮੀ ਬੰਗਾਲ ਵਿੱਚ ਕਾਸ਼ਤ ਕੀਤੀ ਜਾਂਦੀ ਹੈ। ਕੇਲੇ ਦੀ ਕਾਸ਼ਤ ਵਜੋਂ ਇਹ ਦੱਖਣੀ ਰਾਜਾਂ ਦਾ ਪੌਦਾ ਹੈ, ਪਰ ਪੰਜਾਬ ਵਿੱਚ ਟਿਸ਼ੂ ਕਲਚਰ ਵਿਧੀ ਰਾਹੀਂ ਤਿਆਰ 'ਗਰੈਂਡ ਨੈਨ' ਕਿਸਮ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਵੱਲੋਂ ਸਿਫਾਰਸ਼ ਕੀਤੀ ਗਈ ਹੈ। ਇਸ ਲਈ ਡੂੰਘੀ ਅਤੇ ਚੰਗੇ ਜਲ ਨਿਕਾਸ ਵਾਲੀ ਜ਼ਮੀਨ ਢੁਕਵੀਂ ਮੰਨੀ ਜਾਂਦੀ ਹੈ। ਮੁੱਢ ਕੋਲ ਪਾਣੀ ਖੜ੍ਹੇ ਰਹਿਣਾ ਇਸ ਲਈ ਖ਼ਤਰਨਾਕ ਮੰਨਿਆ ਜਾਂਦਾ ਹੈ। ਟਿਸ਼ੂ ਕਲਚਰ ਵਿਧੀ ਰਾਹੀਂ ਤਿਆਰ ਪੌਦੇ ਫਰਵਰੀ ਦੇ ਅਖ਼ੀਰਲੇ ਹਫ਼ਤੇ ਤੋਂ ਮਾਰਚ ਦੇ ਪਹਿਲੇ ਹਫ਼ਤੇ ਤੱਕ ਲਾਉਣੇ ਬਿਹਤਰ ਹੁੰਦੇ ਹਨ। ਕੋਰਾ ਕੇਲੇ ਨੂੰ ਬਹੁਤ ਮਾਰ ਕਰਦਾ ਹੈ। ਕੇਲਿਆਂ ਦੀ ਵਪਾਰਕ ਖੇਤੀ ਕਰਨ ਤੋਂ ਪਹਿਲਾਂ ਬਾਗ਼ਬਾਨੀ ਵਿਭਾਗ ਜਾਂ ਖੇਤੀਬਾੜੀ ਯੂਨੀਵਰਸਿਟੀ ਦੇ ਮਾਹਿਰਾਂ ਨਾਲ ਸੰਪਰਕ ਕਰ ਲੈਣਾ ਚਾਹੀਦਾ ਹੈ।

ਕੁੱਲ ਮਿਲਾ ਕੇ ਕੇਲਾ ਇੱਕ ਬਹੁਤ ਗੁਣਕਾਰੀ ਤੇ ਅਹਿਮ ਪੌਦਾ ਹੈ, ਜਿਸ ਦੇ ਵੱਖ-ਵੱਖ ਭਾਗ ਮਨੁੱਖੀ ਸਿਹਤ ਲਈ ਗੁਣਕਾਰੀ ਹੋ ਨਿੱਬੜਦੇ ਹਨ। ਕੇਲੇ ਦੇ ਫ਼ਲਾਂ ਨੂੰ ਜੇ ਜ਼ਹਿਰੀਲੀਆਂ ਵਿਧੀਆਂ ਨਾਲ ਪਕਾਏ ਜਾਣ ਦੀ ਬਜਾਏ ਸਹੀ ਢੰਗਾਂ ਨਾਲ ਤਿਆਰ ਕਰਕੇ ਵਰਤੋਂ ਵਿੱਚ ਲਿਆਂਦਾ ਜਾਵੇ ਤਾਂ ਸੋਨੇ 'ਤੇ ਸੁਹਾਗੇ ਵਾਲੀ ਗੱਲ ਹੋ ਨਿੱਬੜਦੀ ਹੈ।

ਪੰਜਾਬੀ ਪੋਸਟ
Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| Founder Editor | Jagdish Singh Grewal |
| Managing Director | Parminder Kaur Grewal |
| Contributing Editors | Gyan Singh, Angrez Singh |
| Office Admin | Priya Dhillon |
| Graphic Designer | Priya Dhillon |
| Photographer | Kanwaljit Singh Kanwal |
| Distributer | Aman Warraich |
| Marketing: | Sajandeep Singh |


Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.

ਕੈਨੀ ਦੀ ਲੋੜ
Queen and credit view area
ਵਿਚ ਘਰ ਦਾ ਕੰਮਕਾਰ ਕਰਨ ਲਈ ਨੈਨੀ ਦੀ ਲੋੜ ਹੈ। 50 ਸਾਲ ਤੋਂ ਉਪਰ ਉਮਰ ਦੀ ਔਰਤ ਹੀ ਸੰਪਰਕ ਕਰੇ।
ਸੰਪਰਕ:- 416-556-6884

A-One Drivers TRAINING SCHOOL
G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ
ਫਰੀ ਪਿਕਅਪ
Best Rates For Lessons
] ਮੁਫਤ ਪਿਕਅਪ ਅਤੇ ਡਰਾਪ ਆਫ਼
] ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਊਂਟ ਸਰਟੀਫਿਕੇਟ
] ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
] ਵਾਜਿਬ ਕੀਮਤ
ਲੇਡੀ ਇੰਸਟ੍ਰਕਟਰ
647-998-7500 ਬਲਵਿੰਦਰ

BEST CANADIAN TRUCK & FORKLIFT TRAINING CENTRE
Registered as a Private Career College Under the Private Career College Act. 2005
Best Canadian Truck & Forklift Training Centre
AZ Tractor trailer program
Manual transmission & backup training everyday
We welcome welfare workers & compensation clients
Open Seven Days
Forklift Re-Certification Only $79.00/-
Karnail Singh
416.670.3173 | 905.799.7333
27 Edvac Dr, Brampton, ON L6S 5X8

Visions of Punjab
Vision ZoomerTV
Airs Across Canada Every Saturday 1:00 pm to 1:30 pm EST 10:00 am to 10:30 am PST
Mahal Entertainment Inc. Cell:416-587-5520 Email: iqbalmahal46@gmail.com
Natasha Mahal Co-Host
Iqbal Mahal Producer & Host
Serving the South Asian Community Since 1976

PUNJABI RANG RADIO
CAIO 530AM
11pm-12am
Every Saturday
Chamkaur Singh
Producer/ Host
Cell: 416 662 1313
Email: punjabirang13@hotmail.com

ਜ਼ਰੂਰ ਜਾਣੋ; ਗਿਆਨ ਗੰਗਾ
॥ ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ। ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ॥
- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ਼੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ। ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (Meditation) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?
ਗਿਆਨ ਗੰਗਾ
ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org
IPTV ਦੁਆਰਾ ਸਤਸੰਗ ਦੇਖੋ
ਵਾਣੀ ਟੀਵੀ ਤੇ ਸਵੇਰੇ 11:00 - 12:00 ਵਜੇ ਤੱਕ
ਐਮ ਐਚ ਵਨ ਸ਼ਰਧਾ ਤੇ ਸਵੇਰੇ 3:30 - 4:30 ਵਜੇ ਤੱਕ
ਗਲੋਬਲ ਸਾਂਝ ਟੀ-ਵੀ ਤੇ ਸਵੇਰੇ 7:00 - 8:00 ਵਜੇ ਤੱਕ
ਸਾਧਣਾ ਟੀਵੀ ਤੇ ਸਵੇਰੇ 9:00 - 10:00 ਵਜੇ ਤੱਕ
ਹਰਿਆਣਾ ਨਿਊਜ ਤੇ ਸ਼ਾਮ 7:30 - 8:30 ਵਜੇ ਤੱਕ
ਈਸ਼ਵਰ ਟੀਵੀ ਤੇ ਸਵੇਰੇ 10:00 - 11:00 ਵਜੇ ਤੱਕ
ਗਲੋਬਲ ਸਾਂਝ ਟੀ-ਵੀ ਤੇ ਸ਼ਾਮ 7:00 - 8:00 ਵਜੇ ਤੱਕ
ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:
satlokashramcanada@gmail.com
satsahibusa@gmail.com
647-739-4641
346-714-0224

KAMAL SANDHU
Sales Representative
647.891.0143
RE/MAX GOLD
realtorkamalsandhu@gmail.com
www.arearealtor.com
Looking For a Nest..? Call the Best



FOR SALE
CLOSING IN APRIL 2021
Bedroom 4
Bathroom 2+1
Size (Sq.Ft.) 2455
Home Details 42'
EXCLUSIVE FOR SALE IN WOODSTOCK



CLOSING IN APRIL 2021
Bedroom 4
Bathroom 2+1
Size (Sq.Ft.) 2250
Home Details 36'
FOR SALE
EXCLUSIVE
JAMES C
KAMAL SANDHU RE/MAX GOLD REALTY INC BROKERAGE



ਅੰਦੋਲਨਜੀਵੀ ਬਨਾਮ ਘੁਮੰਡਜੀਵੀ

## ਅੰਦੋਲਨਜੀਵੀ ਨਹੀਂ ਘੁਮੰਡਜੀਵੀ ਹੈ ਨਵੀਂ ਜਮਾਤ



ਚਾਨਣ ਦੀਪ ਸਿੰਘ ਔਲਖ

ਪਿਛਲੇ ਦਿਨੀਂ ਬਜ਼ਟ ਸੈਸ਼ਨ ਵਿੱਚ ਰਾਸ਼ਟਰਪਤੀ ਸ੍ਰੀ ਰਾਮ ਨਾਥ ਕੋਵਿੰਦ ਦੇ ਭਾਸ਼ਣ ਦੇ ਧੰਨਵਾਦ ਮਤੇ ਤੇ ਬੋਲਦਿਆਂ ਦੇਸ਼ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸੰਘਰਸ਼ਸ਼ੀਲ ਲੋਕਾਂ ਨੂੰ ਨਵਾਂ ਨਾਮ 'ਅੰਦੋਲਨਜੀਵੀ' ਦਿੱਤਾ। ਉਨ੍ਹਾਂ ਕਿਹਾ ਕਿ ਦੇਸ਼ ਵਿੱਚ ਇੱਕ ਨਵੀਂ ਜਮਾਤ ਅੰਦੋਲਨਜੀਵੀ ਪੈਦਾ ਹੋ ਗਈ ਹੈ ਜੋ ਪ੍ਰਦਰਸ਼ਨ ਕੀਤੇ ਬਿਨਾਂ ਨਹੀਂ ਰਹਿ ਸਕਦੀ। ਉਨ੍ਹਾਂ ਤਿੰਨ ਕਨੂੰਨ ਰੱਦ ਕਰਵਾਉਣ ਲਈ ਲੰਬੇ ਸਮੇਂ ਤੋਂ ਦਿੱਲੀ ਦੀਆਂ ਸੜਕਾਂ ਤੇ ਬੈਠੇ ਜੁਝਾਰੂ ਕਿਸਾਨਾਂ ਲਈ ਇਹ ਗੱਲ ਕਹੀ ਜੋਂ ਕਿ ਇੱਕ ਦੇਸ਼ ਦੇ ਮੁੱਖੀ ਹੋਣ ਦੇ ਨਾਮ ਤੇ ਬਹੁਤ ਹੀ ਸ਼ਰਮਨਾਕ ਬਿਆਨ ਹੈ। ਉਹ ਹੱਸ ਹੱਸ ਕੇ ਇਹ ਗੱਲਾਂ ਆਖ ਰਹੇ ਸਨ ਅਤੇ ਉਨ੍ਹਾਂ ਵਿੱਚ ਪੋਹ ਮਾਘ ਦੀ ਠੰਢ ਵਿੱਚ ਸੜਕਾਂ ਤੇ ਰੁਲਦੇ ਅੰਨਦਾਤੇ ਪ੍ਰਤੀ ਕੋਈ ਦਰਦ ਦਿਖਾਈ ਨਹੀਂ ਦੇ ਰਿਹਾ ਸੀ। ਕੀ ਇਹ ਕਿਸਾਨ ਕਿਸੇ ਚਾਅ ਨਾਲ ਇਹ ਅੰਦੋਲਨ ਕਰ ਰਹੇ ਹਨ? ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਆਪਣੇ ਇਸ ਬਿਆਨ ਵਿੱਚ ਆਪਣੇ ਨਾਲ ਅਸਹਿਮਤ ਆਵਾਜ਼ਾਂ, ਇਨਸਾਫ਼ ਲਈ ਲੜਨ ਵਾਲੇ ਨਾਗਰਿਕਾਂ, ਅਧਿਕਾਰਾਂ ਅਤੇ ਸਵਿਧਾਨਕ ਸੁਤੰਤਰਤਾ ਦੇ ਲਈ ਲੜਨ ਵਾਲੇ ਲੋਕਾਂ ਨੂੰ ਨਿਸ਼ਾਨਾ ਬਣਾਇਆ ਹੈ। ਉਨ੍ਹਾਂ ਦੇ ਬਿਆਨ ਦਾ ਮਤਲਬ ਹੈ ਕਿ ਸਿਰਫ ਮੈਂ ਹੀ ਸਹੀ ਹਾਂ ਮੇਰੇ ਨਾਲ ਅਸਹਿਮਤ ਹੋਣ ਵਾਲੇ ਸਭ ਗ਼ਲਤ ਹਨ। ਉਨ੍ਹਾਂ ਦੀ ਸੋਚ ਦਾ ਇਹ ਤਰੀਕਾ ਤਾਨਾਸ਼ਾਹ ਸੱਤਾ ਦਾ ਸਟੀਕ ਉਧਾਹਰਣ ਹੈ।

ਉਨ੍ਹਾਂ ਨੂੰ ਦੱਸਣਾ ਬਣਦਾ ਹੈ ਕਿ ਅੰਦੋਲਨਜੀਵੀ ਤਾਂ ਦੇਸ਼ ਵਿੱਚ ਹਮੇਸ਼ਾ ਤੋਂ ਸਨ ਅਤੇ ਰਹਿਣਗੇ ਪਰ ਹੁਣ ਦੇਸ਼ ਵਿੱਚ ਇੱਕ ਹੋਰ ਨਵੀਂ ਜਮਾਤ ਜ਼ਰੂਰ ਪੈਂਦਾ ਹੋਈ ਹੈ ਜਿਸ ਦਾ ਨਾਮ 'ਘੁਮੰਡਜੀਵੀ' ਹੈ। ਜੋ ਜਨਤਾ ਨੂੰ ਵੱਡੇ-ਵੱਡੇ ਸੁਪਨੇ ਵਿਖਾ ਕੇ ਵੋਟਾਂ ਮੰਗਦੀ ਹੈ ਅਤੇ ਸਤਾ ਵਿੱਚ ਆ ਕੇ ਘੁਮੰਡੀ ਬਣ ਲੋਕ ਮਾਰੂ ਫੈਸਲੇ ਕਰਦੀ ਹੈ ਅਤੇ ਜਨਤਾ ਦੀ ਹਾਲ ਦੁਹਾਈ ਤੇ ਵੀ ਅੱਖਾਂ ਮੀਟ ਕੇ ਬੈਠੀ ਰਹਿੰਦੀ ਹੈ। ਜੇਕਰ ਲੋਕ ਆਪਣੇ ਹੱਕਾਂ ਲਈ ਸੰਘਰਸ਼ ਕਰਦੇ ਹਨ ਤਾਂ ਉਹ ਸੜਕਾਂ ਵਿੱਚ ਟੋਏ ਤੱਕ ਪੁੱਟਵਾ ਦਿੰਦੀ ਹੈ। ਇਹ ਜਮਾਤ ਉਂਝ ਤਾਂ ਲੋਕਾਂ ਦੀ, ਲੋਕਾਂ ਦੁਆਰਾ ਅਤੇ ਲੋਕਾਂ ਲਈ ਅਖਵਾਉਂਦੀ ਹੈ ਪਰ ਤਲਵੇ ਕਾਰਪੋਰੇਟਰਾਂ ਦੇ ਚਟਦੀ ਹੈ ਅਤੇ ਉਨ੍ਹਾਂ ਦੇ ਹੀ ਕਹਿਣੇ ਵਿੱਚ ਚਲਦੀ ਹੈ।

ਉਨ੍ਹਾਂ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਉਨ੍ਹਾਂ ਦੀ ਸਰਕਾਰ ਨੇ ਹੁਣ ਤੱਕ ਨਾਮ ਜਾਂ ਨੋਟ ਹੀ ਤਾਂ ਬਦਲੇ ਹਨ ਹੋਰ ਕੀਤਾ ਹੀ ਕੀ ਹੈ। ਧਿਆਨ ਦੇਣ ਯੋਗ ਹੈ ਕਿ ਕਰੋਨਾ ਕਾਲ ਵਿੱਚ ਜਦੋਂ ਸਭ ਕੰਮ ਠੱਪ ਹੋਣ ਕਾਰਨ ਦੇਸ਼ ਦੀ ਜੀ ਡੀ ਪੀ ਹੇਠਾਂ ਡਿੱਗ ਰਹੀ ਸੀ ਤਾਂ ਸਿਰਫ਼ ਕਿਸਾਨੀ ਨੇ ਹੀ ਲਾਜ ਰੱਖੀ ਸੀ। ਹਾਂ ਜੇਕਰ ਇਹ ਅੰਦੋਲਨਜੀਵੀ ਜਮਾਤ ਨਾ ਹੁੰਦੀ ਤਾਂ ਸਾਡਾ ਦੇਸ਼ ਆਜ਼ਾਦ ਨਾ ਹੁੰਦਾ, ਲੋਕਾਂ ਨੂੰ ਉਨ੍ਹਾਂ ਦੇ ਹੱਕ ਨਾ ਮਿਲਦੇ ਅਤੇ ਤੁਹਾਡੇ ਵਰਗੇ ਅਖੌਤੀ ਚੋਕੀਦਾਰ ਕਦੋਂ ਦਾ ਦੇਸ਼ ਨੂੰ ਵੇਚ ਕੇ ਜ਼ਰੂਰ ਖਾ ਜਾਂਦੇ।

ਚਾਨਣ ਦੀਪ ਸਿੰਘ ਔਲਖ, ਪਿੰਡ ਗੁਰਨੇ ਖੁਰਦ (ਮਾਨਸਾ), ਸੰਪਰਕ 9876888177

## ਮੁਰਦਾ ਬੋਲੂ ਖ਼ੱਫਣ ਪਾੜੂ

ਲਵਲੀਨ ਕੌਰ ਸੰਧੂ



ਮੁਰਦਾ ਬੋਲੂ ਖ਼ੱਫਣ ਪਾੜੂ, ਇਹ ਕਹਾਵਤ ਬਾਲੀਵੁੱਡ ਦੇ ਕੁੱਝ ਅਦਾਕਾਰਾਂ ਨੇ ਸੱਚ ਕਰ ਦਿਖਾਈ ਹੈ। ਜ਼ਿਆਦਾਤਰ ਬਾਲੀਵੁੱਡ ਅਦਾਕਾਰ ਹੁਣ ਤੱਕ ਕਿਸਾਨੀ ਮੋਰਚੇ ਤੇ ਆਪਣੀ ਚੁੱਪੀ ਧਾਰ ਕੇ ਬੈਠੇ ਸੀ । ਪਰ ਕਲ ਜਦ ਅਦਾਕਾਰਾ ਰਿਹਾਨਾ ਸਹਿਤ ਕੁਝ ਹੋਰ ਹਾਲੀਵੁੱਡ ਅਦਾਕਾਰਾ ਨੇ ਕਿਸਾਨਾਂ ਤੇ ਹੋ ਰਹੇ ਜ਼ੁਲਮ ਦੀ ਅਵਾਜ਼ ਚੁੱਕਣ ਲਈ ਕਿਹਾ ਤਾਂਇੰਨੇ ਲੰਮੇ ਸਮੇਂ ਤੋਂ ਕਿਸਾਨੀ ਅੰਦੋਲਨ ਤੋਂ ਕਿਨਾਰਾ ਕਰ ਰਹੇ ਬਾਲੀਵੁੱਡ ਦੇ ਅਦਾਕਾਰਾ ਦੀ ਚੁੱਪੀ ਖੁੱਲ੍ਹ ਗਈ । ਉਨ੍ਹਾਂ ਨੂੰ ਇਸ ਗੱਲ ਦਾ ਗੁੱਸਾ ਸੀ ਕਿ ਦੂਸਰੇ ਮੁਲਕਾਂ ਦੇ ਲੋਕ ਕਿਸਾਨਾਂ ਦਾ ਸਾਥ ਦੇਣ ਦੀ ਗੱਲ ਕਿਉਂ ਕਰ ਰਹੇ ਹਨ । ਹੁਣ ਤੱਕ ਕਿਸਾਨੀ ਵੀਰ ਇਹ ਆਸ ਲਾਈ ਬੈਠੇ ਸਨ ਅੱਜ ਨਹੀਂ ਤੇ ਕੱਲ ਬਾਲੀਵੁੱਡ ਅਦਾਕਾਰ ਕਿਸਾਨਾਂ ਦੇ ਹੱਕ ਵਿੱਚ ਬੋਲਣਗੇ ।ਪਰ ਇਹ ਤਾਂ ਉਲਟਾ ਹੀ ਹੋਇਆ , ਇਹ ਤਾਂ ਕਿਸਾਨਾਂ ਦੇ ਹੱਕ ਵਿੱਚ ਬੋਲਣ ਵਾਲਿਆਂ ਦੇ ਗੱਲ ਹੀ ਪੈ ਗਏ । ਹੁਣ ਤੱਕ ਇਹ ਸਾਰੇਬਾਲੀਵੁੱਡ ਅਦਾਕਾਰ ਸੁੱਤੇ ਸੀ।

ਇਹ ਕਿਸਾਨਾਂ ਦੇ ਹੱਕ ਵਿੱਚ ਬੋਲਣ ਵੀ ਕਿਵੇਂ ਇਹ ਇਨ੍ਹਾਂ ਦੀ ਰੋਟੀ ਦਾ ਮਾਮਲਾ ਥੋੜ੍ਹਾ ਹੈ ਇਹ ਤਾਂ ਸਿਰਫ ਕਿਸਾਨਾਂ ਦੀ ਰੋਟੀ ਦਾ ਮਾਮਲਾ ਹੈ । ਇੰਨੇ ਮਹੀਨਿਆਂ ਤੋਂ ਚੱਲ ਰਹੇ ਕਿਸਾਨੀ ਸੰਘਰਸ਼ ਵਿੱਚ ਇਹਨਾਂ ਨੇ ਆਪਣੀ ਜ਼ੁਬਾਨ ਨਹੀਂ ਖੋਲੀ ਨਹੀਂ , ਜੇਕਰ ਹੁਣ ਖੋਲੀ ਹੈ ਤਾਂ ਜੋ ਕਿਸਾਨਾਂ ਦਾ ਸਾਥ ਦੇ ਰਹੇ ਹਨ ਹੁਣ, ਉਹਨਾਂ ਤੇ ਉਂਗਲ ਚੁੱਕਣ ਲਈ ਖੋਲੀ ਹੈ । ਇਸ ਤੋਂ ਇਹ ਸਪਸ਼ਟ ਹੋ ਗਿਆ ਹੈ ਕੀ ਗੋਦੀ ਮੀਡੀਆ ਵੀ ਮੋਦੀ ਦਾ, ਕਾਨੂੰਨ ਵੀ ਮੋਦੀ ਦਾ,ਬਾਲੀਵੁੱਡ ਵੀ ਮੋਦੀ ਦਾ । ਹੁਣ ਕਿਸਾਨਾਂ ਦੀ ਲੜਾਈ ਕਿਸਾਨਾਂ ਨੇ ਸਿਰਫ ਆਪਣੇ ਸਿਰ ਉੱਤੇ, ਵਾਹਿਗੁਰੂ ਦੇ ਸਿਰ ਉੱਤੇ ਜਾਂ ਬਾਹਰ ਵੱਸ ਰਹੇ ਵੀਰਾਂ ਭੈਣਾਂ ਦੇ ਸਿਰ ਉੱਤੇ ਲੜਨੀ ਹੈ।

### ਕਿਸਾਨੀ ਭਾਈਚਾਰੇ ਦੇ ਮੂੰਹ ਉੱਤੇ ਪੁੱਠੇ ਹੱਥ ਦੀ ਚਪੇੜ

ਜਿਵੇਂ ਕਿ ਅਸੀਂ ਸਾਰੇ ਹੀ ਜਾਣਦੇ ਹਾਂ ਕੀ ਦੀਪ ਸਿੱਧੂ ਪੁਲਿਸ ਦੀ ਹਿਰਾਸਤ ਵਿਚ ਹੈ। ਇਹ ਸਮੁੱਚੀ ਕਿਸਾਨੀ ਭਾਈਚਾਰੇ ਦੇ ਮੂੰਹ ਉੱਤੇ ਪੁੱਠੇ ਹੱਥ ਦੀ ਚਪੇੜ ਹੈ। ਦੀਪ ਸਿੱਧੂ ਦਾ ਕਿਸਾਨੀ ਮੋਰਚੇ ਵਿਚ ਸ਼ੁਰੂ ਤੋਂ ਹੀ ਬਹੁਤ ਵੱਡਾ ਹੱਥ ਰਿਹਾ ਹੈ । ਪਰ ਕੁਝ ਕਿਸਾਨੀ ਜਥੇਦਾਰਾਂ ਨੇ ਜੋ ਵਤੀਰਾ ਦੀਪ ਸਿੱਧੂ ਨਾਲ ਕੀਤਾ ਹੈ । ਉਹ ਉਨ੍ਹਾਂ ਨੂੰ ਸੋਭਦਾ ਨਹੀਂ । ਦੀਪ ਸਿੱਧੂ ਵਰਗੇ ਨੌਜਵਾਨ ਅੱਜ ਦੇ ਪੰਜਾਬ ਨੂੰ ਨਵਾਂ ਰਾਹ ਦਿਖਾਉਣ ਵਾਲੇ ਹਨ।

ਇਹੋ ਜਿਹੇ ਨੌਜਵਾਨ ਦੂਜੇ ਲੋਕਾਂ ਨੂੰ ਆਪਣੇ ਹੱਕਾਂ ਲਈ ਲੜਨਾ ਸਿਖਾਉਂਦੇ ਹਨ। ਪਰ ਕੁਝ ਲੋਕ ਇਹੋ ਜਿਹੇ ਨੌਜਵਾਨਾਂ ਦੀ ਚੜ੍ਹਦੀ ਕਲਾ ਨਹੀਂ ਦੇਖ ਸਕਦੇ । ਇਸ ਲਈ ਉਹ ਇਨ੍ਹਾਂ ਦੇ ਰਾਹ ਵਿੱਚ ਰੁਕਾਵਟ ਪਾਉਣ ਲਈ ਕਿਸੇ ਵੀ ਹੱਦ ਤੱਕ ਗਿਰ ਜਾਂਦੇ ਹਨ । ਇਸ ਤਰ੍ਹਾਂ ਦੇ ਹੀ ਕੁਝ ਹਾਲਾਤ 26 ਜਨਵਰੀ ਦੀ ਤਾਰੀਖ ਤੋਂ ਬਾਅਦ ਪਾਏ ਗਏ ਹਨ । ਕੁਝ ਕਿਸਾਨੀ ਆਗੂਆਂ ਨੇ ਦੀਪ ਸਿੱਧੂ ਦਾ ਸਾਥ ਦੇਣ ਦੀ ਬਜਾਏ ਅਤੇ ਛੱਬੀ ਜਨਵਰੀ ਵਾਲੇ ਦਿਨ ਨਿਸ਼ਾਨ ਸਾਹਿਬ ਚੜਾਏ ਜਾਣ ਉੱਤੇ ਦੀਪ ਸਿੱਧੂ ਨੂੰ ਸ਼ਾਬਾਸ਼ ਦੇਣ ਦੀ ਬਜਾਏ ਉਸ ਦੀ ਉਲੰਘਣਾ ਕੀਤੀ। ਸਾਰੇ ਫੈਸਲੇ ਰਲ ਮਿਲ ਕੇ ਹੀ ਕੀਤੇ ਗਏ ਸਨ। ਪਰ ਬਾਅਦ ਵਿੱਚ ਵਿਚ ਕਈ ਕਿਸਾਨ ਆਗੂਆਂ ਨੇ ਸਾਰੀਆਂ ਉਂਗਲਾਂ ਦੀਪ ਸਿੱਧੂ ਵੱਲ ਕਰ ਦਿੱਤੀਆਂ ।ਕੁੱਝ ਕਿਸਾਨ ਜਥੇਦਾਰਾਂ ਵੱਲੋਂ ਦੀਪ ਸਿੱਧੂ ਨਾਲ ਜੋ ਵਤੀਰਾ ਕੀਤਾ ਗਿਆ ਹੈ ਉਹ ਲਾਹਨਤਾਂ ਪਾਉਣ ਯੋਗ ਹੈ । ਜੇ ਕਰ ਦਿੱਲੀ ਵਿਚ ਨਿਸ਼ਾਨ ਸਾਹਿਬ ਲਹਿਰਾਉਣਾ ਇਕ ਗਲਤੀ ਹੈ ਤਾਂ ਪੁਲੀਸ ਨੇ ਕਿਸਾਨਾਂ ਨੂੰ ਨਿਸ਼ਾਨ ਸਾਹਿਬ ਕਿਉਂ ਲਹਿਰਾਉਣ ਦਿੱਤਾ । ਇਹਨਾਂ ਨੇ ਪਹਿਲਾਂ ਤੋਂ ਹੀ ਇੱਕ ਸਾਜਿਸ਼ ਰਚੀ ਹੋਈ ਸੀ । ਦੀਪ ਸਿੱਧੂ ਉਸ ਸਾਜਿਸ਼ ਦੀ ਬਲੀ ਚੜ੍ਹ ਗਿਆ । ਜੇਕਰ ਮੋਦੀ ਲਾਲ ਕਿਲੇ ਨੂੰ ਗਿਰਵੀ ਰੱਖ ਸਕਦਾ ਹੈ ਤਾਂ ਅਸੀਂ ਭਲਾ ਆਪਣਾ ਨਿਸ਼ਾਨ ਸਾਹਿਬ ਵੀ ਨਹੀਂ ਲਹਿਰਾ ਸਕਦੇ ਲਾਲ ਕਿਲੇ ਉੱਤੇ।

# ਗੜਵੀ ਦੀ ਚਾਹ ਦਾ ਜ਼ਾਇਕਾ

-ਜੋਗਿੰਦਰ ਭਾਟੀਆ



ਗੁਜ਼ਰੇ ਜ਼ਮਾਨੇ ਵਿੱਚ ਜ਼ਿਆਦਾਤਰ ਘਰਾਂ ਵਿੱਚ ਕੋਈ ਨਾ ਕੋਈ ਲਵੇਰਾ ਕਿੱਲੇ ਉਤੇ ਜ਼ਰੂਰ ਬੰਨ੍ਹਿਆ ਹੁੰਦਾ ਸੀ। ਲੋਕ ਆਪਣੇ ਪਹਿਰਾਵੇ ਵੱਲ ਘੱਟ ਧਿਆਨ ਦਿੰਦੇ ਸਨ। ਖੱਦਰ ਦਾ ਕੁੜਤਾ ਜਾਂ ਮਲੇਸ਼ੀਆ ਆਮ ਤੌਰ 'ਤੇ ਪਹਿਨਦੇ ਸਨ, ਪਰ ਖਾਣ-ਪੀਣ ਦੇ ਪੂਰੇ ਸ਼ੌਕੀਨ ਸਨ। ਸਾਲ ਵਿੱਚ ਇੱਕ ਦੋ-ਦੋ ਵਾਰ ਤਾਂ ਖੋਏ ਦੀਆਂ ਪਿੰਨੀਆਂ ਬਣਾਈਆਂ ਜਾਂਦੀਆਂ ਸਨ। ਇਹ ਸਰੀਰ ਨੂੰ ਠੀਕ ਰੱਖਣ ਲਈ ਵਰਦਾਨ ਸਨ, ਪਰ ਲੋਕ ਚਾਹ ਦੀ ਵਰਤੋਂ ਬਿਲਕੁਲ ਨਹੀਂ ਸਨ ਕਰਦੇ। ਢਲਦੇ ਪਹਿਰ ਹਰ ਘਰ ਵਿੱਚ ਸ਼ਰਦਾਈ ਬਣਦੀ। ਪੱਥਰ ਦੀ ਦੌਰੀ ਵਿੱਚ ਮਗਜ਼, ਖਸਖਸ, ਬਦਾਮ ਤੇ ਕਾਲੀਆਂ ਮਿਰਚਾਂ, ਸ਼ੱਕਰ ਪਾ ਕੇ ਡੰਡੇ ਨਾਲ ਖੂਬ ਰਗੜੀਆਂ ਜਾਂਦੀਆਂ। ਫਿਰ ਉਸ ਨੂੰ ਕਿਸੇ ਮਲਮਲ ਦੇ ਕੱਪੜੇ ਨਾਲ ਪੁਣ ਕੇ ਕਿਸੇ ਭਾਂਡੇ ਵਿੱਚ ਪਾ ਲੈਂਦੇ। ਹਰੇਕ ਜੀਅ ਉਸ ਨੂੰ ਬੜੇ ਸੁਆਦ ਨਾਲ ਪੀਂਦਾ ਤੇ ਇਸ ਤਰ੍ਹਾਂ ਜਿੱਥੇ ਪਿਆਸ ਬੁਝਦੀ ਉਥੇ ਸਰੀਰ ਨੂੰ ਤਾਕਤ ਵੀ ਮਿਲਦੀ ਸੀ। ਅੱਜ ਵਾਂਗ ਠੰਢੀਆਂ ਬੋਤਲਾਂ, ਬਰਗਰ ਤੇ ਨੂਡਲਜ਼ ਨਹੀਂ ਸਨ ਹੁੰਦੇ। ਸ਼ਾਮ ਨੂੰ ਭੱਠੀ ਤਪਣੀ ਤਾਂ ਅਸੀਂ ਮੱਕੀ ਦੇ ਦਾਣੇ, ਛੋਲੇ ਭੁਨਾਉਣ ਤੁਰ ਪੈਣਾ। ਜੇ ਕਿਸੇ ਕੋਲ ਕੁਝ ਨਾ ਹੁੰਦਾ ਤਾਂ ਕਣਕ ਨੂੰ ਭੁਨਾ ਕੇ ਉਸ ਵਿੱਚ ਗੁੜ ਪਾ ਲੈਣਾ। ਉਹ ਖਾਣ ਲਈ ਇੱਕ ਕਿਸਮ ਦਾ ਮਰੂੰਡਾ ਬਣ ਜਾਂਦਾ ਤੇ ਉਸ ਨੂੰ ਬੜੇ ਚਾਅ ਨਾਲ ਖਾਂਦੇ। ਗੁੜ ਦੀ ਖੁਸ਼ਬੋ ਆਲੇ-ਦੁਆਲੇ ਫੈਲ ਜਾਂਦੀ। ਉਦੋਂ ਲੋੜਾਂ ਵੀ ਘੱਟ ਹੁੰਦੀਆਂ ਸਨ। ਪੈਸਾ ਕਿਸੇ ਵਿਰਲੇ ਕੋਲ ਹੁੰਦਾ ਸੀ। ਇੱਕ ਦੂਜੇ ਦੀ ਰੀਸ ਜਾਂ ਸਾੜਾ ਕੋਈ ਨਹੀਂ ਸੀ ਕਰਦਾ।

ਸਾਡੇ ਪਿਤਾ ਜੀ ਘਰ ਵਿੱਚ ਹਮੇਸ਼ਾ ਇੱਕ ਗਾਂ ਜ਼ਰੂਰ ਰੱਖਦੇ ਸਨ। ਆਪਣੇ ਘਰ ਦਾ ਦੁੱਧ ਹੁੰਦਾ ਸੀ। ਪੰਜ-ਛੇ ਜੀਆਂ ਦਾ ਪਰਵਾਰ ਸਭ ਨੂੰ ਦੁੱਧ-ਦਹੀਂ ਖਾਣ ਲਈ ਖੁੱਲ੍ਹਾ ਮਿਲਦਾ। ਸਾਡੀ ਮਾਂ ਜਾਂ ਵੱਡਾ ਵੀਰਾ ਦੁੱਧ ਚੋਂਦੇ। ਮਾਂ ਉਸ ਨੂੰ ਕਾੜ੍ਹਨੀ 'ਚ ਪਾ ਕੇ ਭੜੋਲੀ ਵਿੱਚ ਗਰਮ ਕਰਨ ਲਈ ਰੱਖ ਦਿੰਦੀ। ਪਾਥੀਆਂ ਦੇ ਸੇਕ ਨਾਲ ਹੌਲੀ-ਹੌਲੀ ਕੜ੍ਹਦੇ ਦੁੱਧ ਉਤੇ ਪੀਲੇ ਰੰਗ ਦੀ ਮਲਾਈ ਬੱਝ ਜਾਂਦੀ। ਰਾਤ ਦੀ ਰੋਟੀ ਦਾ ਕੰਮ ਮੁਕਾ ਕੇ ਸਾਡੀ ਮਾਂ ਹਰੇਕ ਨੂੰ ਗਲਾਸਾਂ ਵਿੱਚ ਦੁੱਧ ਪਾ ਕੇ ਦਿੰਦੀ। ਜੇ ਮੈਂ ਕਦੀ ਸੌਂ ਜਾਂਦਾ ਤਾਂ ਮੈਨੂੰ ਸਵੇਰੇ ਹਲੂਣ ਕੇ ਜਗਾਉਂਦੇ। ਮੈਂ ਸਭ ਤੋਂ ਨਿੱਕਾ ਸਾਂ, ਇਸ ਲਈ ਮੈਨੂੰ ਇਕੱਲੇ ਨੂੰ ਘਰ ਵਿੱਚ ਰੱਜਵਾਂ ਪਿਆਰ ਮਿਲਦਾ। ਕਹਿੰਦੇ, ਉਠ ਦੁੱਧ ਪੀ ਲੈ, ਫਿਰ ਕਹੇਂਗਾ ਮੈਂ ਪੀਤਾ ਨਹੀਂ।' ਜੇ ਕਿਸੇ ਨੇ ਦੁੱਧ ਨਾ ਪੀਣਾ ਤਾਂ ਮਾਂ ਉਸ ਦੇ ਗਲਾਸ ਵਿੱਚ ਖੱਟਾ ਲਾ ਦਿੰਦੀ ਤੇ ਸਵੇਰੇ ਉਠਦਿਆਂ ਉਸ ਵਿੱਚ ਮਿੱਠਾ ਪਾ ਕੇ ਪੀ ਜਾਣਾ। ਸਵੇਰ ਦੇ ਨਾਸ਼ਤੇ ਵਿੱਚ ਸਾਰਿਆਂ ਨੂੰ ਦਹੀਂ, ਲੱਸੀ ਤੇ ਮੱਖਣ ਆਮ ਮਿਲਦਾ।

ਮੇਰੇ ਪਿਤਾ ਜੀ ਗਾਂ ਦੇ ਪੱਠਿਆਂ ਲਈ ਕੋਈ ਨਾ ਕੋਈ ਕਿਆਰਾ ਲੈ ਲੈਂਦੇ। ਸਕੂਲ ਦਾ ਮਾਸਟਰ ਹੋਣ ਕਰ ਕੇ ਕਿਸਾਨ ਉਨ੍ਹਾਂ ਦਾ ਪੂਰਾ ਸਤਿਕਾਰ ਕਰਦੇ ਸਨ। ਉਹ ਸ਼ਟਾਲਾ, ਗੁਆਰਾ ਦਾਤੀ ਨਾਲ ਵੱਢ ਕੇ ਸਿਰ ਉੱਤੇ ਚੁੱਕ ਕੇ ਲਿਆਉਂਦੇ ਸਨ ਤੇ ਆਉਂਦੀ ਵਾਰ ਇੱਕ ਖੁੱਡ ਕੱਢ ਕੇ ਉਸ ਵਿੱਚ ਇੱਕ ਚਾਕ ਪਾ ਦਿੰਦੇ ਸਨ, ਤਾਂ ਜੋ ਪਤਾ ਲੱਗਦਾ ਰਹੇ ਕਿ ਕਿਆਰੇ ਵਿੱਚੋਂ ਕੋਈ ਪੱਠੇ ਤਾਂ ਨਹੀਂ ਲੈ ਗਿਆ। ਜਿਸ ਪਿੰਡ ਵਿੱਚ ਨੌਕਰੀ ਕਰਦੇ ਸਨ, ਉਹ ਸ਼ਹਿਰ ਦੇ ਨੇੜੇ ਸੀ। ਉਨ੍ਹਾਂ ਕੋਲ ਸਾਈਕਲ ਵੀ ਨਹੀਂ ਸੀ ਹੁੰਦਾ। ਉਹ ਤੁਰ ਕੇ ਆਉਣ-ਜਾਣ ਦਾ ਪੈਂਡਾ ਤੈਅ ਕਰਦੇ। ਜਦੋਂ ਸਾਡੀ ਗਾਂ ਦੁੱਧ ਦੇਣੋਂ ਹਟ ਜਾਂਦੀ ਤਾਂ ਉਸ ਨੂੰ ਅੱਧੋ-ਅੱਧ ਦੇ ਹਿਸਾਬ ਨਾਲ ਜ਼ਿਮੀਂਦਾਰਾਂ ਨੂੰ ਦੇ ਦੇਣਾ। ਉਨ੍ਹਾਂ ਨੇ ਲਵੇਰੇ ਦੇ ਸੂਣ ਤੱਕ ਖੂਬ ਸੇਵਾ ਕਰਨੀ।

ਜ਼ਮਾਨਾ ਬਦਲਿਆ ਤਾਂ ਹੱਥ ਤੰਗ ਹੋਣ 'ਤੇ ਲੋਕ ਦੁੱਧ ਵੇਚਣ ਲੱਗ ਪਏ। ਪਹਿਲਾਂ ਇਹ ਧਾਰਨਾ ਸੀ ਕਿ ਜੀਹਨੇ ਦੁੱਧ ਵੇਚਿਆ, ਉਹਨੇ ਆਪਣਾ ਪੁੱਤ ਵੇਚਿਆ। ਫਿਰ ਦੁੱਧ ਦੀ ਥੁੜ੍ਹ ਕਾਰਨ ਚਾਹ ਪੀਣ ਦਾ ਰਿਵਾਜ਼ ਚੱਲ ਪਿਆ। ਕਦੇ ਵੇਲਾ ਸੀ ਕਿ ਘੁਲਾੜੀ ਚੱਲਣ ਵੇਲੇ ਜ਼ਿਮੀਂਦਾਰ ਆਪ ਸੱਦ ਕੇ ਲੰਘਦੇ ਜਾਂਦੇ ਨੂੰ ਗੁੜ ਦੀ ਭੇਲੀ ਦਿੰਦੇ ਸਨ। ਪਿੰਡ ਵਿੱਚ ਰਾਹੀਆਂ ਨੂੰ ਲੱਸੀ ਪਿਆਉਣੀ ਆਮ ਗੱਲ ਸੀ। ਆੜ੍ਹਤੀਏ ਵੀ ਬੜੇ ਫਰਾਖਦਿਲ ਹੁੰਦੇ ਸਨ। ਲੋਕ ਮੂੰਗਫਲੀ ਦੇ ਲਾਏ ਬੋਹਲਾਂ 'ਚੋਂ ਮੁੱਠੀ ਭਰ ਕੇ ਅੱਗੇ ਲੰਘ ਜਾਂਦੇ, ਪਰ ਉਨ੍ਹਾਂ ਨੂੰ ਕੋਈ ਟੋਕਦਾ ਨਹੀਂ ਸੀ। ਆਮ ਵਰਤੋਂ ਵਾਲੀਆਂ ਚੀਜ਼ਾਂ ਸਸਤੀਆਂ ਹੁੰਦੀਆਂ ਸਨ।

ਮੈਨੂੰ ਪੂਰਾ ਯਾਦ ਹੈ ਕਿ ਅਸੀਂ ਘਰ ਦੀ ਗਾਂ ਸਿਰਫ ਪੰਜਾਹ ਰੁਪਏ ਵਿੱਚ ਖਰੀਦੀ ਸੀ। ਜਿਸ ਦਾ ਆਪਣਾ ਮਕਾਨ, ਘਰ-ਬਾਰ ਹੁੰਦਾ ਅਤੇ ਵਿਹੜੇ 'ਚ ਕੋਈ ਲਵੇਰਾ ਬੰਨ੍ਹਿਆਂ ਹੁੰਦਾ, ਉਹ ਪਰਵਾਰ ਖੁਸ਼ਹਾਲ ਸਮਝਿਆ ਜਾਂਦਾ। ਜਦੋਂ ਸਾਡੀ ਗਾਂ ਦੁੱਧ ਦੇਣੋਂ ਹਟ ਗਈ ਤਾਂ ਅਸੀਂ ਉਸ ਨੂੰ ਕਿਸੇ ਜ਼ਿਮੀਂਦਾਰ ਦੇ ਹਵਾਲੇ ਕਰ ਦਿੱਤਾ। ਅੱਗੇ ਜਿੱਥੇ ਆਮ ਆਦਮੀ ਨੂੰ ਰੋਟੀ ਟੁੱਕ ਦਾ ਫਿਕਰ ਨਹੀਂ ਸੀ ਹੁੰਦਾ, ਉਥੇ ਡੰਗਰਾਂ ਦੀ ਵੀ ਖੂਬ ਪਰਵਰਿਸ਼ ਕੀਤੀ ਜਾਂਦੀ। ਉਨ੍ਹਾਂ ਨੂੰ ਵੜੇਵੇਂ-ਛੋਲਿਆਂ ਦੀ ਸੂੜ੍ਹੀ ਅਤੇ ਦਲੀਆ ਖਾਣ ਲਈ ਦਿੱਤਾ ਜਾਂਦਾ ਜਿਸ ਨਾਲ ਦੁੱਧ ਵੱਧ ਜਾਂਦਾ ਸੀ। ਅੱਜ ਵਾਂਗ ਗਲੀ-ਮੁਹੱਲੇ ਵਿੱਚ ਫੰਡਰ ਗਊਆਂ ਨਹੀਂ ਸਨ ਫਿਰਦੀਆਂ। ਸਰਕਾਰੀ ਸਾਨ੍ਹ ਜਿਹੜੀ ਪੈਲੀ ਵਿੱਚ ਮੂੰਹ ਮਾਰਦਾ, ਉਸ ਨੂੰ ਕੋਈ ਕੁਝ ਨਹੀਂ ਸੀ ਕਹਿੰਦਾ ਹੁੰਦਾ, ਪਰ ਅੱਜ ਉਹ ਵੀ ਭੁੱਖੇ ਪਿਆਸੇ ਫਿਰਦੇ ਹਨ। ਮਨੁੱਖ ਦੀ ਖੁਦਗਰਜ਼ੀ ਨੇ ਬੇਜ਼ੁਬਾਨ ਪਸ਼ੂਆਂ ਨੂੰ ਵੀ ਨਹੀਂ ਬਖਸ਼ਿਆ।

ਆਖਰ ਸਾਡੀ ਗਾਂ ਸੂ ਪਈ ਸੀ। ਕੁਝ ਦਿਨ ਉਹ ਜ਼ਿਮੀਂਦਾਰ ਦੇ ਕੋਲ ਰਹੀ ਅਤੇ ਉਹ ਉਸ ਦਾ ਦੁੱਧ ਵਰਤਦੇ ਰਹੇ। ਜਦੋਂ ਉਸ ਦੀ ਵੱਛੀ ਜ਼ਰਾ ਵੱਡੀ ਹੋ ਗਈ ਤਾਂ ਉਹ ਉਸ ਨੂੰ ਸਾਡੇ ਘਰ ਛੱਡਣ ਆ ਗਏ। ਪਿੰਡ ਤੋਂ ਗਾਂ ਤੁਰਦੀ ਆਈ ਸੀ ਤੇ ਵੱਛੀ ਨੂੰ ਉਨ੍ਹਾਂ ਨੇ ਆਪਣੇ ਹੱਥਾਂ ਵਿੱਚ ਚੁੱਕਿਆ ਹੋਇਆ ਸੀ। ਅਸੀਂ ਉਨ੍ਹਾਂ ਨੂੰ ਆਰਾਮ ਕਰਨ ਲਈ ਖੁੱਲ੍ਹੇ ਵਿਹੜੇ ਵਿੱਚ ਮੰਜਾ ਡਾਹ ਦਿੱਤਾ। ਪਿਤਾ ਜੀ ਮਾਂ ਨੂੰ ਪੁੱਛਣ ਲੱਗੇ, 'ਨਿੱਕੇ ਦੀ ਮਾਂ, ਅੱਗ ਹੈ?' 'ਕੀ ਕਰਨੀ ਜੇ?' ਅੱਗੋਂ ਮਾਂ ਬੋਲੀ। ਪਿਤਾ ਜੀ ਨੇ ਕਿਹਾ, 'ਕੁਝ ਘੁੱਟ ਚਾਹ ਇਨ੍ਹਾਂ ਲਈ ਬਣਾ ਲਵੋ। ਨਾਲ ਦੇ ਪਿੰਡੋਂ ਠੰਢ ਵਿੱਚੋਂ ਆਏ ਨੇ।' ਪਹਿਲਾਂ ਘਰਾਂ ਵਿੱਚ ਅੱਗ ਦੱਬ ਕੇ ਰੱਖੀ ਜਾਂਦੀ ਸੀ। ਮਾਂ ਨੇ ਭੁੱਬਲ 'ਚੋਂ ਅੱਗ ਕੱਢ ਕੇ ਕੜਛੇ ਵਿੱਚ ਪਾ ਲਈ ਤੇ ਚੁੱਲ੍ਹੇ ਵਿੱਚ ਮਘਾ ਕੇ ਉਨ੍ਹਾਂ ਲਈ ਚਾਹ ਰੱਖ ਦਿੱਤੀ। ਪਿਤਾ ਜੀ ਉਨ੍ਹਾਂ ਦੇ ਖਾਣ ਲਈ ਘਰ ਦੀਆਂ ਬਣਾਈਆਂ ਖਜੂਰਾਂ, ਨਮਕੀਨ ਮੱਠੀਆਂ, ਸ਼ੱਕਰਪਾਰੇ ਤੇ ਪਿੰਨੀਆਂ ਕਿੰਨਾ ਕੁਝ ਲੈ ਆਏ। ਚਾਹ ਦਾ ਇੱਕ-ਇੱਕ ਕੱਪ ਉਨ੍ਹਾਂ ਅੱਗੇ ਲਿਆ ਰੱਖਿਆ। ਉਹ ਵੇਖ ਕੇ ਬੜੇ ਹੈਰਾਨ ਹੋਏ ਅਤੇ ਕਹਿਣ ਲੱਗੇ, 'ਮਾਸਟਰ ਜੀ! ਤੁਸੀਂ ਸ਼ਹਿਰੀਆਂ ਵਾਲੀ ਗੱਲ ਕੀਤੀ। ਅਸੀਂ ਕਦੇ ਇਨ੍ਹਾਂ ਕੱਪੀਆਂ ਵਿੱਚ ਚਾਹ ਨਹੀਂ ਪੀਤੀ।'' ਪਿਤਾ ਜੀ ਇਕਦਮ ਸਮਝ ਗਏ ਕਿ ਪਿੰਡਾਂ 'ਚ ਇਕੱਲਾ-ਇਕੱਲਾ ਚਾਹ ਦੀ ਗੜਵੀ ਡੀਕ ਜਾਂਦਾ ਹੈ। ਉਨ੍ਹਾਂ ਨੇ ਮਾਂ ਨੂੰ ਕਹਿ ਕੇ ਹੋਰ ਚਾਹ ਬਣਵਾਈ ਅਤੇ ਗੜਵੀ ਵਿੱਚ ਪਾ ਕੇ ਉਨ੍ਹਾਂ ਅੱਗੇ ਲਿਆ ਰੱਖੀ। ਫਿਰ ਉਹ ਬੜੇ ਸੁਆਦ ਨਾਲ ਚਾਹ ਪੀਂਦੇ, ਮਿੱਠਾ-ਨਮਕੀਨ ਖਾਂਦੇ ਪਚਾਕੇ ਮਾਰ ਰਹੇ ਸਨ। ਨਾਲੇ ਇਹ ਕਹਿਕ ਰਹੇ ਸਨ, ''ਮਾਸਟਰ ਜੀ! ਆਹ ਬਣੀ ਨਾ ਗੱਲ।''

# ਪੰਜਾਬ ਤੇ ਪੰਜਾਬੀਅਤ ਨੂੰ ਪਿਆਰਨ ਵਾਲਾ ਕੰਵਲ

ਪਹਿਲੀ ਫਰਵਰੀ ਨੂੰ ਨਾਵਲਕਾਰ ਜਸਵੰਤ ਸਿੰਘ ਕੰਵਲ ਦੀ ਪਹਿਲੀ ਬਰਸੀ ਸੀ। ਸੌ ਕਿਤਾਬਾਂ ਲਿਖਣ ਤੇ ਉਮਰ ਦਾ ਸੈਂਕੜਾ ਮਾਰਨ ਵਾਲਾ ਉਹ ਪੰਜਾਬੀ ਦਾ ਪਹਿਲਾ ਲੇਖਕ ਹੈ। ਉਸ ਨੇ ਪੰਜਾਬੀ ਦੇ ਸਭ ਤੋਂ ਵੱਧ ਪਾਠਕ ਪੈਦਾ ਕੀਤੇ ਹਨ। ਉਸ ਦੇ ਕਈ ਨਾਵਲਾਂ ਦੇ ਦਰਜਨ ਤੋਂ ਵੱਧ ਐਡੀਸ਼ਨ ਛਪੇ। ਉਸ ਨੂੰ ਦਸ ਲੱਖ ਤੋਂ ਵੀ ਵੱਧ ਰਾਇਲਟੀ ਮਿਲੀ ਹੋਵੇਗੀ ਤੇ ਉਦੋਂ ਤੋਂ ਮਿਲਣ ਲੱਗੀ, ਜਦੋਂ ਦਸ ਹਜ਼ਾਰ ਦਾ ਕਿਲਾ ਆ ਜਾਂਦਾ ਸੀ। ਖੇਤੀਬਾੜੀ ਤੇ ਰਾਇਲਟੀ ਦੀ ਆਮਦਨ ਨਾਲ ਉਸ ਨੇ ਵੱਡਾ ਪਰਵਾਰ ਪਾਲਿਆ, ਚਾਰ ਧੀਆਂ ਹੋਸਟਲਾਂ ਵਿੱਚ ਭੇਜ ਕੇ ਉਸ ਨੇ ਐੱਮ ਐੱਸ ਸੀ ਤੱਕ ਪੜ੍ਹਾਈਆਂ, ਵਿਆਹੀਆਂ ਤੇ ਕੁਝ ਜ਼ਮੀਨ ਵੀ ਖਰੀਦੀ। ਬਣਦਾ ਸਰਦਾ ਦਸਵੰਧ ਸਿੱਖਿਆ, ਸਿਹਤ ਤੇ ਸਾਹਿਤ ਦੇ ਲੇਖੇ ਲਾਇਆ। ਸੌ ਤੋਂ ਵੱਧ ਲੇਖਕਾਂ ਨੂੰ ਬਾਵਾ ਬਲਵੰਤ, ਬਲਰਾਜ ਸਾਹਨੀ ਤੇ ਡਾਕਟਰ ਜਸਵੰਤ ਸਿੰਘ ਗਿੱਲ ਇਨਾਮ ਦਿੱਤੇ। ਦੇਸ਼ ਵਿਦੇਸ਼ ਦੀਆਂ ਸੈਰਾਂ ਕੀਤੀਆਂ। ਭਾਈ ਜੋਧ ਸਿੰਘ ਤੇ ਖੁਸ਼ਵੰਤ ਸਿੰਘ ਸੌਵੇਂ ਸਾਲ ਵਿੱਚ ਪਹੁੰਚ ਗਏ ਸਨ, ਪਰ ਉਹ ਸੈਂਕੜਾ ਨਹੀਂ ਸੀ ਮਾਰ ਸਕੇ। ਸੈਂਕੜੇ ਦੀ ਮਾਲੀ ਕੇਵਲ ਕੰਵਲ ਨੇ ਮਾਰੀ।

ਜਸਵੰਤ ਸਿੰਘ ਕੰਵਲ ਬਾਰੇ ਮੈਂ ਪਹਿਲਾਂ ਹੀ ਕੁਝ ਲੇਖ ਲਿਖ ਚੁੱਕਾ ਹਾਂ, ਸਗੋਂ ਪੂਰੀ ਕਿਤਾਬ 'ਪੰਜਾਬੀਆਂ ਦਾ ਬਾਈ ਜਸਵੰਤ ਸਿੰਘ ਕੰਵਲ'। ਇੱਕ ਦਿਨ ਬਾਈ ਵਰਿਆਮ ਸਿੰਘ ਸੰਧੂ ਨਾਲ ਗੱਲ ਚੱਲੀ ਕਿ ਉਨ੍ਹਾਂ ਲੇਖਕਾਂ ਦੀਆਂ ਹੀ ਬਰਸੀਆਂ ਮਨਾਈਆਂ ਜਾਂਦੀਆਂ ਹਨ, ਜਿਨ੍ਹਾਂ ਦੇ ਵਾਰਸ ਜੀਂਦੇ ਜਾਗਦੇ ਹੋਣ। ਸ਼ੁਕਰ ਹੈ ਕੰਵਲ ਦਾ ਪੁੱਤਰ, ਪੂਰਾ ਪਰਵਾਰ, ਖਾਸਕਰ ਉਹਦਾ ਸਾਹਿਤਕ ਵਾਰਸ ਦੋਹਤਾ ਡਾਕਟਰ ਸੁਮੇਲ ਸਿੰਘ ਸਿੱਧੂ, ਸਭ ਜਿਊਂਦੇ ਜਾਗਦੇ ਹਨ, ਜਿਸ ਕਰ ਕੇ ਲੱਗਦਾ ਹੈ ਉਸ ਦੀਆਂ ਬਰਸੀਆਂ ਮਨਾਈਆਂ ਜਾਂਦੀਆਂ ਰਹਿਣਗੀਆਂ।

ਕੰਵਲ ਡੂੰਘੀਆਂ ਜੜ੍ਹਾਂ ਵਾਲਾ ਬਿਰਖ ਸੀ, ਜੋ 100 ਸਾਲ ਸੱਤ ਮਹੀਨੇ ਚਾਰ ਦਿਨ, ਸੱਜੀਆਂ ਖੱਬੀਆਂ 'ਵਾਵਾਂ ਨਾਲ ਝੂਮਦਾ, ਫਲ-ਫੁੱਲ ਤੇ ਛਾਵਾਂ ਦਿੰਦਾ ਰਿਹਾ। ਉਸ ਨੇ ਸੈਂਕੜੇ ਕਲਮਾਂ ਨੂੰ ਲਿਖਣ ਦੀ ਚੇਟਕ ਲਾਈ। ਤੀਹ ਲੇਖਕ ਤਾਂ ਢੁੱਡੀਕੇ ਪਿੰਡ ਦੇ ਹਨ। 27 ਜੂਨ 1919 ਨੂੰ ਉਸ ਨੇ ਢੁੱਡੀਕੇ ਦੀ ਹਵਾ 'ਚ ਪਹਿਲਾ ਸਾਹ ਲਿਆ ਸੀ ਅਤੇ ਢੁੱਡੀਕੇ ਵਿੱਚ ਹੀ ਇੱਕ ਫਰਵਰੀ 2020 ਨੂੰ ਸਵੇਰੇ ਸੱਤ ਵੱਜ ਕੇ ਚਾਲੀ ਮਿੰਟ 'ਤੇ ਆਖਰੀ ਸਾਹ ਲਿਆ। ਉਸੇ ਦਿਨ 3.30 ਵਜੇ ਉਸ ਦੀ ਮ੍ਰਿਤਕ ਦੇਹ ਦਾ 'ਜਸਵੰਤ ਸਿੰਘ ਕੰਵਲ ਅਮਰ ਰਹੇ' ਦੇ ਨਾਅਰਿਆਂ ਨਾਲ ਕਪੂਰਾ ਪੱਤੀ ਦੇ ਸਿਵਿਆਂ ਵਿੱਚ ਸਸਕਾਰ ਕਰ ਦਿੱਤਾ ਗਿਆ। 10 ਫਰਵਰੀ ਨੂੰ ਅੰਤਿਮ ਅਰਦਾਸ ਉਪਰੰਤ ਸ਼ਰਧਾਂਜਲੀ ਸਮਾਗਮ ਹੋਇਆ ਜਿਸ ਵਿੱਚ ਪੰਜਾਬ ਸਰਕਾਰ ਦੇ ਭਾਸ਼ਾ ਮੰਤਰੀ ਦਾ ਸਰਕਾਰੀ ਪੱਤਰ ਪੜ੍ਹ ਕੇ ਸੁਣਾਇਆ ਗਿਆ ਕਿ ਸਰਕਾਰੀ ਕਾਲਜ ਢੁੱਡੀਕੇ ਵਿਖੇ ਬਣੇ ਨਵੇਂ ਆਡੀਟੋਰੀਅਮ ਦਾ ਨਾਂਅ ਜਸਵੰਤ ਸਿੰਘ ਕੰਵਲ ਭਵਨ ਰੱਖਿਆ ਜਾਵੇਗਾ। ਕੁਝ ਦਿਨਾਂ ਬਾਅਦ ਪੰਜਾਹ-ਸੱਠ ਲੇਖਕਾਂ ਪਾਠਕਾਂ ਨੇ ਸਿਮਰਤੀ ਸਮਾਗਮ ਕੀਤਾ ਤੇ ਬੋਰਡ ਲਾ ਕੇ ਜਸਵੰਤ ਸਿੰਘ ਕੰਵਲ ਭਵਨ ਦਾ ਨਾਮਕਰਣ ਕਰ ਦਿੱਤਾ। ਪੰਜਾਬੀ ਯੂਨੀਵਰਸਿਟੀ ਪਟਿਆਲਾ ਵੱਲੋਂ ਜਸਵੰਤ ਕੰਵਲ ਬਾਰੇ ਸਿਮਰਤੀ ਗ੍ਰੰਥ ਛਾਪਣ ਦਾ ਐਲਾਨ ਕੀਤਾ ਗਿਆ, ਜੀਹਦੇ ਪ੍ਰਕਾਸ਼ਨ ਸੰਬੰਧੀ ਯੂਨੀਵਰਸਿਟੀ ਹੀ ਦੱਸ ਸਕਦੀ ਹੈ। ਸੰਗਤ ਦਾ ਧੰਨਵਾਦ ਕੰਵਲ ਦੇ ਪੁੱਤਰ ਸਰਬਜੀਤ ਸਿੰਘ ਤੇ ਦੋਹਤੇ ਸੁਮੇਲ ਸਿੰਘ ਸਿੱਧੂ ਨੇ ਕੀਤਾ।

ਪਰਵਾਰ ਨੇ ਜਸਵੰਤ ਸਿੰਘ ਕੰਵਲ ਦੀ ਯਾਦ ਵਿੱਚ ਉਸ ਦਾ ਪੜ੍ਹਨ ਲਿਖਣ ਵਾਲਾ ਕਮਰਾ, ਮੇਜ਼ ਕੁਰਸੀ ਤੇ ਕਾਗਜ਼ ਕਲਮ ਉਵੇਂ ਹੀ ਸਾਂਭ ਰੱਖੇ ਹਨ। ਕਿਤਾਬਾਂ ਤੇ ਕੁਝ ਹੱਥ ਲਿਖਤਾਂ ਵੀ ਸੰਭਾਲੀਆਂ ਹੋਈਆਂ ਹਨ। ਇਹ ਸੇਵਾ ਕੰਵਲ ਦੇ ਪੋਤੇ ਹਰਮੀਤ ਸਿੰਘ ਨੂੰ ਸੌਂਪੀ ਗਈ ਹੈ। ਮੇਰੀਆਂ ਕੰਵਲ ਨਾਲ ਜੁੜੀਆਂ ਬੇਸ਼ੁਮਾਰ ਯਾਦਾਂ ਹਨ। ਸੱਠ ਸਾਲਾਂ ਦਾ ਸਨੇਹ ਜੁ ਸੀ ਤੇ ਤੀਹ ਸਾਲ ਢੁੱਡੀਕੇ ਕਾਲਜ ਵਿੱਚ ਪੜ੍ਹਾਉਣ ਦਾ ਨੇੜ। ਉਹਦੀ ਸਰਪੰਚੀ ਵੇਲੇ 1956 ਤੋਂ ਹਰ ਸਾਲ ਢੁੱਡੀਕੇ ਦਾ ਲਾਜਪਤ ਰਾਏ ਖੇਡ ਮੇਲਾ ਲੱਗ ਰਿਹਾ ਹੈ। 2019 ਤੱਕ ਇਹ ਮੇਲਾ ਅਸੀਂ 'ਕੱਠੇ ਵੇਖਦੇ ਰਹੇ। ਸੱਠਵਿਆਂ ਸੱਤਰਵਿਆਂ ਵਿੱਚ 'ਕੱਠੇ ਕਬੱਡੀ ਮੈਚ ਖਿਡਾਉਂਦੇ ਤੇ ਮੈਚਾਂ ਦੀ ਕੁਮੈਂਟਰੀ ਕਰਦੇ। ਖੂਬ ਹਾਸਾ ਖੇਡਾ ਹੁੰਦਾ। ਰਉਂ ਹਲਕਾ ਕਰਨ ਲਈ ਦੱਸਦਾਂ। ਇੱਕ ਵਾਰ ਧੱਕੜ ਧਾਵੀ ਉਹਦੇ 'ਚ ਅਜਿਹਾ ਵੱਜਾ ਕਿ ਹੌਲੇ ਫੁੱਲ ਕੰਵਲ ਦੀ ਲੋਟ ਪੋਟਣੀ ਲੱਗ ਗਈ। ਉਹਦੀ ਪੱਗ ਪਾਸੇ ਜਾ ਪਈ, ਗੁਲੂਬੰਦ ਖੁੱਲ੍ਹ ਗਿਆ, ਘੜੀ ਡਿੱਗ ਪਈ, ਪਰ ਅਸ਼ਕੇ ਬਾਈ ਦੇ ਕਿ ਵਿਸਲ ਉਹਦੇ ਮੂੰਹ ਵਿੱਚ ਹੀ ਰਹੀ। ਉਹੀ ਵਿਸਲ ਵਜਾ ਕੇ ਧਾਵੀ ਨੂੰ ਪੁਆਇੰਟ ਦਿੱਤਾ ਅਤੇ ਪੱਗ ਲੱਕ ਦੁਆਲੇ ਲਪੇਟ ਕੇ ਅਗਲੀ ਕੌਡੀ ਪੁਆਉਣ ਲੱਗਾ। ਅਜਿਹੇ ਸਿਰੜ ਕਰ ਕੇ ਹੀ ਉਹ ਉਮਰ ਦਾ ਸੈਂਕੜਾ ਮਾਰ ਸਕਿਆ।

2000 'ਚ ਸੇਵਾਮੁਕਤ ਹੋ ਕੇ ਮੈਂ ਕੈਨੇਡਾ ਵਾਸੀ ਬਣ ਗਿਆ। ਫਿਰ ਵੀ ਹਰ ਸਿਆਲ ਕੰਵਲ ਨੂੰ ਮਿਲਣ ਆ ਜਾਂਦਾ ਤੇ ਅਸੀਂ ਰਲ ਕੇ ਮੇਲਾ ਵੇਖਦੇ। 28 ਜਨਵਰੀ 2019 ਨੂੰ ਮੈਂ ਉਹਨੂੰ ਮੱਲੋਮੱਲੀ ਮੇਲੇ ਲਿਜਾ ਕੇ ਉਹਤੋਂ ਝੰਡੀ ਕਰਵਾ ਆਇਆ ਸਾਂ। ਖੂਬ ਤਾੜੀਆਂ ਵੱਜੀਆਂ। 2020 ਦੇ ਖੇਡ ਮੇਲੇ 'ਤੇ ਲਿਜਾਣ ਲਈ ਮੈਂ ਕੈਨੇਡਾ ਤੋਂ ਢੁੱਡੀਕੇ ਪੁੱਜਾ ਤਾਂ ਉਹ ਬਿਸਤਰੇ 'ਤੇ ਨਿਢਾਲ ਪਿਆ ਸੀ। ਗੱਲਾਂ ਦਾ ਹੁੰਗਾਰਾ ਭਰਦਾ ਰਿਹਾ, ਪਰ ਮੇਲੇ ਜਾਣ ਤੋਂ ਸਿਰ ਫੇਰ ਗਿਆ। 28 ਜਨਵਰੀ ਨੂੰ ਖੇਡ ਮੇਲਾ ਮੁੱਕਿਆ। ਪਹਿਲੀ ਫਰਵਰੀ ਨੂੰ ਉਹ ਜੱਗ ਦਾ ਭਰਿਆ ਮੇਲਾ ਛੱਡ ਗਿਆ। 2021 ਦਾ ਖੇਡ ਮੇਲਾ ਕੋਰੋਨਾ ਤੇ ਕਿਸਾਨ ਅੰਦੋਲਨ ਕਰ ਕੇ ਲੱਗਿਆ ਹੀ ਨਹੀਂ, ਜਿਸ ਕਰ ਕੇ ਮੈਂ ਵੀ ਕੈਨੇਡਾ ਤੋਂ ਢੁੱਡੀਕੇ ਨਹੀਂ ਗਿਆ। ਨਾਲੇ ਹੁਣ ਕਿਹੜਾ ਬਾਘੀਆਂ ਪਾਉਂਦੇ ਕੰਵਲ ਨੇ ਉਡੀਕਦੇ ਹੋਣਾ ਸੀ ਜੀਹਨੂੰ ਮਿਲਣ ਦਾ ਬੜਾ ਚਾਅ ਹੁੰਦਾ ਸੀ। ਬਾਈ ਨੂੰ ਯਾਦ ਕਰਦਿਆਂ ਉਹਦੇ ਮਨਭਾਉਂਦੇ ਕਾਵਿ-ਬੰਦ ਯਾਦ ਆ ਰਹੇ ਨੇ :

ਸਾਡਾ ਜੀਓ ਜਾਮਾ ਜਿਹੜਾ ਆਣ ਮੇਲੇ,  
ਸਿਰ ਸਦਕਾ ਓਸ ਦੇ ਨਾਮ ਦਾ ਈ  
ਭਲਾ ਮੋਏ ਤੇ ਵਿਛੜੇ ਕੌਣ ਮੇਲੇ?  
ਐਵੇਂ ਜਿਊੜਾ ਲੋਕ ਵਲਾਂਵਦਾ ਈ  
ਇੱਕ ਜੱਟ ਦੇ ਖੇਤ ਨੂੰ ਅੱਗ ਲੱਗੀ,  
ਵੇਖਾਂ ਆਣ ਕੇ ਕੌਣ ਬੁਝਾਂਵਦਾ ਈ  
ਦੇਵਾਂ ਚੂਰੀਆਂ ਘਿਓ ਦੇ ਬਾਲ ਦੀਵੇ,  
ਵਾਰਸ ਸ਼ਾਹ ਜੇ ਸੁਣਾਂ ਮੈਂ ਆਂਵਦਾ ਈ...



-ਪ੍ਰਿੰ. ਸਰਵਣ ਸਿੰਘ-

ਏਥੇ ਆਇਆਂ ਨੂੰ ਦੁਨੀਆ ਮੋਹ ਲੈਂਦੀ,  
ਦਗੇਬਾਜ਼ ਦਾ ਧਾਰ ਕੇ ਭੇਸ ਮੀਆਂ  
ਸਦਾ ਨਹੀਂ ਜੁਆਨੀ ਤੇ ਐਸ਼ ਮਾਪੇ,  
ਸਦਾ ਨਹੀਂ ਜੇ ਬਾਲ ਵਰੇਸ ਮੀਆਂ  
ਸਦਾ ਨਹੀਂ ਜੇ ਦੌਲਤਾਂ ਫੀਲ ਘੋੜੇ,  
ਸਦਾ ਨਹੀਂ ਜੇ ਰਾਜਿਆਂ ਦੇਸ਼ ਮੀਆਂ  
ਸ਼ਾਹ ਮੁਹੰਮਦਾ ਸਦਾ ਨਾ ਰੂਪ ਦੁਨੀਆ,  
ਸਦਾ ਰਹਿਣ ਨਾ ਕਾਲੜੇ ਕੇਸ ਮੀਆਂ...

ਸੱਚੀ ਗੱਲ ਹੈ, ਸਦਾ ਨਾ ਬਾਗੀਂ ਬੁਲਬੁਲ ਬੋਲੇ, ਸਦਾ ਨਾ ਮੌਜ ਬਹਾਰਾਂ...। ਖਿਆਲ ਆਉਂਦੈ, ਕੰਵਲ ਜੀਂਦਾ ਹੁੰਦਾ ਤਾਂ ਉਸ ਨੇ ਕਿਸਾਨ ਅੰਦੋਲਨ ਬਾਰੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਮਿਹਣੇ ਮਾਰਵੀਂ ਖੁੱਲ੍ਹੀ ਚਿੱਠੀ ਲਿਖਣੀ ਸੀ ਜਿਵੇਂ ਕਦੇ ਇੰਦਰਾ ਗਾਂਧੀ ਤੇ ਰਾਜੀਵ ਗਾਂਧੀ ਨੂੰ ਲਿਖੀਆਂ ਸਨ। ਉਸ ਨੇ ਦੁਹਾਈਆਂ ਪਾਉਣੀਆਂ ਸਨ, ਕਿਸਾਨਾਂ ਦੀ ਮੰਦੀ ਹਾਲਤ ਦੀਆਂ, ਕਿਸਾਨ ਮਾਰੂ ਕਾਲੇ ਕਾਨੂੰਨਾਂ ਦੀਆਂ ਤੇ ਅੰਦੋਲਨ ਵਿੱਚ ਸ਼ਹਾਦਤ ਦੇਣ ਵਾਲੇ ਕਿਰਤੀ ਕਿਸਾਨਾਂ ਦੀਆਂ। ਵੰਗਾਰ ਪਾਉਣੀ ਸੀ ਕਿਸਾਨਾਂ ਦੀਆਂ ਮੰਗਾਂ ਮੰਨਣ ਜਾਂ ਗੱਦੀ ਛੱਡਣ ਦੀ। ਕਿਸਾਨ ਅੰਦੋਲਨ ਬਾਰੇ ਅਖਬਾਰੀ ਲੇਖ ਲਿਖਣੇ ਸਨ 'ਮੁੜ ਜਾਗੇ ਖੇਤਾਂ ਦੇ ਪੁੱਤ' ਤੇ 'ਭਬਕਾਂ ਮਾਰਦਾ ਪੰਜਾਬ।' ਅਤੇ ਕਿਸਾਨ ਜਥੇਬੰਦੀਆਂ ਤੇ ਤੱਤੇ ਨੌਜਵਾਨਾਂ ਨੂੰ ਮੱਤ ਦੇਣੀ ਸੀ, ਸ਼ਾਂਤ ਰਹਿਣ ਦੀ, ਏਕਾ ਰੱਖਣ ਦੀ, ਸਬਰ ਤੇ ਸਿਰੜ ਨਾਲ ਅੱਗੇ ਵਧਣ ਦੀ ਤੇ ਸਿਰਲੇਖ ਰੱਖਣਾ ਸੀ 'ਕਿਸਾਨਾਂ ਦਾ ਏਕਾ ਲੋਹੇ ਦੀ ਦੀਵਾਰ'। ਟੇਬਲ ਟਾਕ 'ਚ ਧੋਖਾ ਖਾਣ ਤੋਂ ਸਾਵਧਾਨ ਕਰਦੇ ਰਹਿਣਾ ਸੀ। ਜੇਰਾ ਰੱਖਣ ਤੇ ਚੜ੍ਹਦੀ ਕਲਾ 'ਚ ਰਹਿਣ ਦੀ ਨਸੀਹਤ ਦੇਣੀ ਸੀ। ਫਿਰ ਕਿਸਾਨਾਂ ਦੀ ਜਿੱਤ ਉਤੇ ਇੱਕ ਹੋਰ 'ਜਿੱਤ-ਨਾਮਾ' ਲਿਖਣਾ ਸੀ। ਉਹ ਕਿਸਾਨੀ, ਪੰਜਾਬ ਤੇ ਪੰਜਾਬੀਅਤ ਨੂੰ ਦਿਲ ਦੀਆਂ ਡੂੰਘਾਈਆਂ 'ਚੋਂ ਪਿਆਰ ਕਰਦਾ ਸੀ। ਪੰਜਾਬ ਦੀ ਰੂਹ ਸੀ, ਕਾਮਰੇਡੀ ਤੇ ਸਿੱਖੀ ਦਾ ਸੁਮੇਲ ਸੀ। ਹੀਰ-ਵੰਨੇ ਪੰਜਾਬੀ ਦਾ ਆਸ਼ਕ ਸੀ, ਜੀਹਦੀਆਂ ਗੱਲਾਂ ਉਹਦਾ ਦੋਹਤਾ ਪ੍ਰੋਫੈਸਰ ਸੁਮੇਲ ਵਾਰ-ਵਾਰ ਕਰਦਾ ਨਹੀਂ ਥੱਕਦਾ। ਕੰਵਲ ਗੁਰਬਾਣੀ ਤੇ ਵਾਰਸ ਦੀ ਹੀਰ ਉਤੇ ਪੂਰਾ ਮਾਇਲ ਸੀ। ਪਿੰਡ ਦੀ ਫਿਰਨੀ 'ਤੇ ਤੁਰਿਆ ਫਿਰਦਾ ਅਖਬਾਰਾਂ ਰਸਾਲੇ ਪੜ੍ਹਦਾ ਸੀ। ਤੁਰਿਆ ਜਾਂਦਾ ਆਪਣੇ ਆਪ ਨਾਲ ਗੱਲਾਂ ਕਰਦਾ, ਹੱਥ ਚੁੱਕਦਾ, ਉਂਗਲਾਂ ਤਾਣਦਾ ਸੀ ਜਿਵੇਂ ਬਹਿਸ ਕਰ ਰਿਹਾ ਹੋਵੇ। ਪ੍ਰੋਫੈਸਰ ਕਿਸ਼ਨ ਸਿੰਘ ਨੂੰ ਉਹ ਅਸਲੀ ਆਲੋਚਕ ਸਮਝਦਾ ਸੀ। ਉਹ ਯਾਰਾਂ ਦਾ ਦਿਲਦਾਰ ਸੀ, ਸ਼ਤਰੰਜ ਦਾ ਸ਼ੌਕੀਨ ਸੀ, ਲੋਕ ਗੀਤਾਂ ਦਾ ਦੀਵਾਨਾ ਸੀ। ਆਪਮੁਹਾਰਾ ਗਾਉਣ ਲੱਗਦਾ ਸੀ ਤੇ ਗਾਉਂਦਾ ਗਾਉਂਦਾ ਮਚਲ ਜਾਂਦਾ ਸੀ। ਜਸਵੰਤ ਗਿੱਲ ਨੂੰ ਅਵੱਲੇ ਨਾਵਾਂ ਭਾਨਿਆਂ, ਸੁਭਾਨੋ, ਜੱਸੋ, ਸੁਰਤੀਏ, ਦੁਲਾਰੀਏ, ਰਾਣੋ, ਰਾਜੋ, ਬਾਘੋ, ਜਿੰਦੋ, ਸੁਰਤੋ, ਰਾਧੋ ਤੇ ਬੱਲੋ-ਬੱਲੋ ਨਾਲ ਪੁਕਾਰਦਾ ਸੀ।

2010 ਵਿੱਚ ਛਪੀ ਉਹਦੀ ਕਿਤਾਬ ਦਾ ਨਾਂਅ ਸੀ: ਪੰਜਾਬ! ਤੇਰਾ ਕੀ ਬਣੂ? ਉਹਦੇ ਸਰਵਰਕ ਉੱਤੇ ਛਪੀਆਂ ਸਤਰਾਂ ਨੇ ਓਦੋਂ ਮੇਰਾ ਓਨਾ ਧਿਆਨ ਨਹੀਂ ਸੀ ਖਿਚਿਆ, ਜਿੰਨਾ ਹੁਣ ਖਿਚ ਰਹੀਆਂ ਹਨ।

''ਗੁਰੂ ਦੇ ਲਾਡਲੇ ਪੰਜਾਬ! ਤੂੰ ਹੁਣ ਕਿਵੇਂ ਜੀਵੇਂਗਾ? ਤੇਰਾ ਅੱਗਾ ਪਿੱਛਾ ਦੁਸ਼ਮਣਾਂ ਜੜ੍ਹਾਂ ਤੱਕ ਛਾਂਗ ਸੁੱਟਿਆ! ਤੇਰਾਂ ਲੱਖ ਟਿਊਬਵੈੱਲਾਂ, ਤੇਰੀ ਤਾਂ ਅੱਡੀਆਂ ਤੱਕ ਰੱਤ ਚੂਸ ਲਈ। ਕਾਂਗਰਸੀ ਆਖਦੇ ਸਨ, ਡਾਕੂ ਅੰਗਰੇਜ਼ ਦੇ ਜਾਣ ਪਿੱਛੋਂ ਤੇਰੀਆਂ ਆਨਾਂ ਸ਼ਾਨਾਂ ਨਿਰਾਲੀਆਂ ਹੋਣਗੀਆਂ। ਕਿੱਥੇ ਹੈ ਉਹ ਚੜ੍ਹਦੀ ਕਲਾ? ਪੁੱਤਾਂ ਪੋਤਰਿਆਂ ਵਾਲਾ ਤੂੰ ਤਾਂ ਦੁਨੀਆ ਦੇ ਨਕਸ਼ੇ ਤੋਂ ਲਹਿਣ ਵਾਲਾ ਹੋ ਗਿਆ ਏਂ। ਤੇਰਾ ਅਤਿ ਮੰਦੜਾ ਹਾਲ ਵੇਖ ਮੇਰੀ ਕਲਮ ਦਾ ਸੂਹ ਸੂਤਿਆ ਪਿਆ ਹੈ। ਤੇਰਾ ਹੁਣ ਕੀ ਬਣੂੰ?''

''ਲੁਟੇਰੇ ਤੇ ਅਸਲੋਂ ਵਿਹਲੜ ਸਾਧ ਲਾਣੇ ਵਾਸਤੇ ਕੰਮ ਕਰਨ ਲਈ ਕੋਈ ਨੇਮ ਕਾਨੂੰਨ ਨਹੀਂ, ਕੋਈ ਪਾਬੰਦੀ ਨਹੀਂ। ਕਿਸਾਨ ਤੋਂ ਮੰਡੀ ਤੇ ਬਾਜ਼ਾਰ ਦੀ ਲੁੱਟ ਪਿੱਛੋਂ ਮੰਗਤਿਆਂ ਤੇ ਸਾਧਾਂ ਦੇ ਧਾੜੇ ਵੀ ਹਿੱਸਾ ਭਾਲਦੇ ਐ। ਤਰਤਾਲੀ ਫੀਸਦੀ ਕਾਮੇ ਕੰਮ ਕਰਦੇ ਹਨ, ਉਨ੍ਹਾਂ ਦੀ ਕਮਾਈ ਤੇ ਸਤਵੰਜਾ ਫੀਸਦੀ ਵਿਹਲੜ ਅੱਯਾਸ਼ੀਆਂ ਕਰਦੇ ਹਨ। ਜੇ ਕੋਈ ਰੱਬ, ਸਭ ਦਾ ਰਖਵਾਲਾ ਹੁੰਦਾ, ਦਸਾਂ-ਨਹੁੰਆਂ ਦੀ ਕਮਾਈ ਬਰਬਾਦ ਹੋਣ ਦੇਂਦਾ? ਹਾਲਤ ਇਹ ਹੈ, ਵਿਹਲੜ ਲਾਣਾ ਚਾਂਭੜਾਂ ਪਾਉਂਦਾ ਹੈ ਤੇ ਕਾਮੇ ਪਸ਼ੂਆਂ ਵਾਂਗ ਪੰਜਾਲੀ ਦਿੱਤੇ ਹਉਂਕ ਰਹੇ ਹਨ। ਨਿਆਂਕਾਰ ਰੱਬ ਕਿੱਥੇ ਮਰ ਗਿਆ? ਇਹ ਸਾਧ ਸੰਤ ਲਾਣੇ ਰੱਬ ਦੇ ਨਾਂਅ 'ਤੇ ਸਿੱਧੀਆਂ ਡਕੈਤੀਆਂ ਕਰਦੇ ਹਰਾਮ ਦੀਆਂ ਖਾਂਦੇ ਹਨ। ਇਨ੍ਹਾਂ ਦੀਆਂ ਲੁਕੀਆਂ ਚੋਰੀਆਂ ਯਾਰੀਆਂ, ਤੌਬਾ ਮੇਰੀ! ਜੇਕਰ ਨਿਆਂਕਾਰ ਰੱਬ ਹੁੰਦਾ, ਵਿਹਲੜ ਗੁਨਾਹਗਾਰਾਂ ਨੂੰ ਪੁੱਠੀਆਂ ਫਾਂਸੀਆਂ ਦੇਂਦਾ।''

ਕੰਵਲ ਦੇ ਦਾਦੇ ਦਾ ਨਾਂਅ ਪੰਜਾਬ ਸਿੰਘ ਸੀ, ਜੋ ਉਚੇ ਕੱਦ ਦਾ ਸਿਰੜੀ ਕਿਸਾਨ ਸੀ। ਉਹ ਤੜਕੇ ਉੱਠ ਕੇ ਹਲ ਜੋੜਦਾ, ਦੁਪਹਿਰੇ ਪੱਠਾ ਦੱਥਾ ਕਰਦਾ ਤੇ ਸਾਰਾ ਦਿਨ ਮਿੱਟੀ ਨਾਲ ਮਿੱਟੀ ਹੁੰਦਾ ਰਹਿੰਦਾ। ਖੇਤਾਂ ਦੀ ਵਿਰਾਸਤ, ਕਿਰਤ ਤੇ ਕਿਰਸਾਣੀ ਕੰਵਲ ਨੂੰ ਵਿਰਸੇ ਵਿੱਚ ਮਿਲੀ ਸੀ। ਉਹਦੀਆਂ ਲਿਖਤਾਂ ਵਿੱਚ ਵੀ ਕਿਰਸਾਣੀ ਉਹਦੇ ਹੱਡੀਂ ਰਚੀ ਦਿਸਦੀ ਹੈ। ਉਹਦੀਆਂ ਲਿਖਤਾਂ ਦੇ ਬਹੁਤੇ ਪਾਤਰ ਕਿਸਾਨ ਮਜ਼ਦੂਰ ਹਨ। ਖੇਤਾਂ ਵਾਲੇ ਵੀ ਹਨ ਤੇ ਵਿਹੜਿਆਂ ਵਾਲੇ ਵੀ। ਉਹਦੇ ਸ਼ਾਹਕਾਰ ਨਾਵਲ 'ਪੂਰਨਮਾਸ਼ੀ' ਦੇ ਇੱਕ ਕਾਂਡ ਉੱਤੇ ਲਿਖਿਆ ਹੈ : ਹਲ ਛੱਡ ਕੇ ਚਰ੍ਹੀ ਨੂੰ ਜਾਣਾ, ਜੱਟ ਦੀ ਜੂਨ ਬੁਰੀ।

'ਪੂਰਨਮਾਸ਼ੀ' ਵਿੱਚ ਪੰਜਾਬ ਦੇ ਪੇਂਡੂ ਜੀਵਨ ਦੀਆਂ ਅਨੇਕ ਝਾਕੀਆਂ ਅੱਖਾਂ ਅੱਗੇ ਆਉਂਦੀਆਂ ਹਨ। ਕਿਤੇ ਤੀਆਂ, ਕਿਤੇ ਮੇਲੇ, ਖੇਡ ਮੁਕਾਬਲੇ, ਖਾਣ ਪੀਣ ਦੀਆਂ ਮਹਿਫਲਾਂ, ਸਾਕੇਦਾਰੀ, ਪ੍ਰਾਹੁਣਾਚਾਰੀ, ਸੱਥ ਚਰਚਾ, ਲੋਹੜੀ, ਕਿਤੇ ਡਾਕਾ, ਠਾਣੇ ਦੀ ਹਵਾਲਾਤ, ਅਮਲੀ ਦੇ ਟਾਂਗੇ ਦੀ ਸਵਾਰੀ, ਜੰਞਾਂ ਦਾ ਚੜ੍ਹਨਾ, ਜਾਗੋ ਕੱਢਣੀ, ਵਿਆਹਾਂ ਦੇ ਗੀਤ, ਜੰਞ ਬੰਨ੍ਹਣੀ ਤੇ ਛੁਡਾਉਣੀ, ਗਾਉਣ ਦੇ ਖਾੜੇ, ਗਮੰਤਰੀਆਂ ਦੀਆਂ ਢੱਡ ਸਾਰੰਗੀਆਂ, ਮੇਲਿਆਂ 'ਚ ਲੜਾਈਆਂ ਭਿੜਾਈਆਂ, ਡੱਬਾਂ 'ਚ ਪਿਸਤੌਲ, ਹੱਥਾਂ 'ਚ ਖੂੰਡੇ, ਮੋਢੇ ਦੁਨਾਲੀਆਂ, ਵਗਦੇ ਖੂਹ, ਜੱਟ ਤੇ ਜ਼ਮੀਨ, ਪੰਚਾਂ ਦੇ ਪੱਖਪਾਤੀ ਫੈਸਲੇ, ਸ਼ਰੀਕੇ, ਕਬੀਲੇ, ਰਿਸ਼ਤਿਆਂ ਵਿੱਚ ਭਾਨੀਆਂ, ਹਾਲੀਆਂ ਪਾਲੀਆਂ ਦੀਆਂ ਬੋਲੀਆਂ, ਤ੍ਰਿੰਞਣ ਦੀਆਂ ਸਹੇਲੀਆਂ, ਚੋਹਲ ਮੋਹਲ, ਗਿਆਨੀ ਦਾ ਉਪਦੇਸ਼ ਤੇ ਇਨਕਲਾਬ ਜ਼ਿੰਦਾਬਾਦ ਦੀਆਂ ਗੱਲਾਂ...। ਜੇ ਸੰਤ ਸਿੰਘ ਸੇਖੋਂ ਪੰਜਾਬੀ ਸਾਹਿਤ ਦਾ ਬੋਹੜ ਸੀ ਤਾਂ ਜਸਵੰਤ ਸਿੰਘ ਕੰਵਲ ਸਰੂ ਦਾ ਬੂਟਾ ਸੀ। ਉਹ ਵਗਦੀਆਂ 'ਵਾਵਾਂ ਦੇ ਵੇਗ ਵਿੱਚ ਝੂਮਦਾ ਸੀ। ਕਦੇ ਖੱਬੇ ਲਹਿਰਾਉਂਦਾ ਸੀ, ਕਦੇ ਸੱਜੇ ਤੇ ਕਦੀ ਵਾਵਰੋਲੇ ਵਾਂਗ ਗੋਲਾਈ ਵਿੱਚ ਘੁੰਮਦਾ ਸੀ। ਉਹ ਵੇਗਮੱਤਾ ਲੇਖਕ ਸੀ ਤੇ ਲੋਹੜੇ ਦਾ ਜਜ਼ਬਾਤੀ। ਉਹਦੇ ਰੁਮਾਂਚਿਕ ਰਉਂ ਵਿੱਚ ਲਿਖੇ ਵਾਕ ਸਿੱਧੇ ਦਿਲਾਂ 'ਤੇ ਅਸਰ ਕਰਦੇ ਰਹੇ। ਉਸ ਨੇ ਲਗਭਗ ਪੰਜਾਹ ਲੱਖ ਲਫਜ਼ ਲਿਖੇ ਤੇ ਹਜ਼ਾਰਾਂ ਸੰਵਾਦ ਰਚੇ, ਜੋ ਨੌਜਵਾਨ ਕੁੜੀਆਂ-ਮੁੰਡਿਆਂ ਦੀਆਂ ਡਾਇਰੀਆਂ ਉੱਤੇ ਚੜ੍ਹਦੇ ਰਹੇ। ਉਸ ਦੇ ਨਾਵਲ 'ਰਾਤ ਬਾਕੀ ਹੈ' ਨੇ ਹਜ਼ਾਰਾਂ ਨੌਜਵਾਨ ਕਾਮਰੇਡ ਬਣਾਏ ਜਿਸ ਦੀ ਗਵਾਹੀ ਸੋਹਣ ਸਿੰਘ ਜੋਸ਼ ਸਮੇਤ ਅਨੇਕਾਂ ਕਮਿਊਨਿਸਟ ਆਗੂਆਂ ਨੇ ਭਰੀ। ਉਹਦਾ ਨਾਵਲ 'ਲਹੂ ਦੀ ਲੋਅ' ਚੋਰੀਓਂ ਦੀਵਿਆਂ ਦੀ ਲੋਅ ਵਿੱਚ ਪੜ੍ਹਿਆ ਗਿਆ। ਉਹ ਐਮਰਜੈਂਸੀ ਕਾਰਨ ਮਲੇਸ਼ੀਆ 'ਚ ਛਪਿਆ ਤੇ ਇੰਗਲੈਂਡ ਤੋਂ ਸਮੱਗਲ ਹੋ ਕੇ ਪੰਜਾਬ ਪੁੱਜਾ। ਉਹਦੇ ਕਈ ਵਿਚਾਰਧਾਰਕ ਸ਼ਰੀਕਾਂ ਨੇ 'ਲੋਅ ਦਾ ਲਹੂ' ਕਹਿ ਕੇ ਭੰਡਿਆ। ਕਈਆਂ ਨੇ ਉਸ ਨੂੰ ਅੱਤਵਾਦੀਆਂ ਦਾ ਹਮਾਇਤੀ ਤੇ ਕਈਆਂ ਨੇ ਰੁਮਾਂਸਿਕ ਆਦਰਸ਼ਵਾਦੀ ਕਿਹਾ। 1947 ਵਿੱਚ ਉਸ ਨੇ ਪਿੰਡ ਦੇ ਮੁਸਲਮਾਨ ਬਚਾ ਕੇ ਪਾਕਿਸਤਾਨ ਪਹੁੰਚਾਏ, ਲਾਲਾ ਲਾਜਪਤ ਰਾਏ ਦੇ ਨਾਂਅ 'ਤੇ ਕਾਲਜ ਬਣਵਾਇਆ, ਬਲਰਾਜ ਸਾਹਨੀ ਤੇ ਬਾਵਾ ਬਲਵੰਤ ਦੇ ਨਾਂਅ 'ਤੇ ਸਾਹਿਤਕ ਪੁਰਸਕਾਰ ਸ਼ੁਰੂ ਕੀਤੇ। ਪਾਸ਼ ਦੇ ਸ਼ਰਧਾਂਜਲੀ ਸਮਾਗਮ ਵਿੱਚ ਤਲਵੰਡੀ ਸਲੇਮ ਪਹੁੰਚਾ ਤਾਂ ਉਸ ਨੂੰ ਕਿਸੇ ਨਾ ਗੌਲਿਆ। ਉਹ ਪਾਸ਼ ਲਈ ਬਾਵਾ ਬਲਵੰਤ ਪੁਰਸਕਾਰ ਲੈ ਕੇ ਗਿਆ ਸੀ।

ਕੰਵਲ, ਲਛਮਣ ਸਿੰਘ ਗਿੱਲ ਤੇ ਗਿਆਨੀ ਲਾਲ ਸਿੰਘ, ਗੁਆਂਢੀ ਪਿੰਡਾਂ ਦੇ ਸਨ। ਢੁੱਡੀਕੇ, ਚੂਹੜਚੱਕ ਤੇ ਦੌਧਰ ਦੇ ਉਹ ਤਿੰਨੇ ਜਣੇ ਪੰਜਾਬੀ ਭਾਸ਼ਾ ਦੇ ਵੱਡੇ ਥੰਮ੍ਹ ਬਣੇ। ਲਛਮਣ ਸਿੰਘ ਗਿੱਲ ਨੇ ਪੰਜਾਬੀ ਨੂੰ ਰਾਜ ਭਾਸ਼ਾ ਦਾ ਦਰਜਾ ਦਿਵਾਇਆ, ਗਿਆਨੀ ਲਾਲ ਸਿੰਘ ਨੇ ਸਰਕਾਰੀ ਦਫਤਰਾਂ ਵਿੱਚ ਪੰਜਾਬੀ ਭਾਸ਼ਾ ਲਾਗੂ ਕਰਨ ਦਾ ਰੋਲ ਨਿਭਾਇਆ ਅਤੇ ਜਸਵੰਤ ਸਿੰਘ ਕੰਵਲ ਨੇ ਪੰਜਾਬੀ ਸਭਾਵਾਂ, ਕਨਵੈਨਸ਼ਨਾਂ ਤੇ ਕਾਨਫਰੰਸਾਂ ਕਰਵਾ ਕੇ ਪੰਜਾਬੀ ਨੂੰ ਹਿੰਦੀ/ ਸੰਸਕ੍ਰਿਤ ਦੀ ਪਿਓਂਦ ਚਾੜ੍ਹਨੋਂ ਬਚਾਇਆ।

ਚੜ੍ਹਦੀ ਜੁਆਨੀ 'ਚ ਉਸ ਨੇ ਮਲਾਇਆ ਵਿੱਚ ਚੌਕੀਦਾਰੇ ਦੀ ਨੌਕਰੀ ਕੀਤੀ। ਮੁੜ ਕੇ ਸ਼੍ਰੋਮਣੀ ਕਮੇਟੀ ਦਾ ਕਲਰਕ ਲੱਗਾ ਤੇ ਲੇਖਕ ਬਣ ਗਿਆ। 1947 ਦੇ ਉਜਾੜੇ ਪਿੱਛੋਂ ਕਿਰਸਾਣੀ ਕਰਦਿਆਂ ਕਿਤਾਬਾਂ ਲਿਖਦਿਆਂ ਦੋ ਵਾਰ ਪਿੰਡ ਦਾ ਸਰਪੰਚ ਬਣਿਆ। ਪਿੰਡ 'ਚ ਸਿੱਖਿਆ ਤੇ ਸਿਹਤ ਦੇ ਉੱਚ ਅਦਾਰੇ ਬਣਵਾ ਕੇ ਪਛੜੇ ਪਿੰਡ ਦਾ ਵਿਕਾਸ ਕੀਤਾ। ਕੇਂਦਰੀ ਪੰਜਾਬੀ ਲੇਖਕ ਸਭਾ ਦਾ ਜਨਰਲ ਸਕੱਤਰ, ਪ੍ਰਧਾਨ ਤੇ ਸਰਪ੍ਰਸਤ ਰਿਹਾ। ਉਹ 1980 ਦੀ ਇੰਗਲੈਂਡ ਵਾਲੀ ਪਹਿਲੀ ਵਿਸ਼ਵ ਪੰਜਾਬੀ ਕਾਨਫਰੰਸ ਵਿੱਚ ਸ਼ਾਮਲ ਹੋਇਆ। ਪੰਜਾਬ ਸਕੂਲ ਸਿੱਖਿਆ ਬੋਰਡ ਦਾ ਮੈਂਬਰ ਰਿਹਾ। ਉਸ ਨੇ ਸ਼੍ਰੋਮਣੀ ਕਮੇਟੀ 'ਚ ਸੇਵਾ ਕਰਦਿਆਂ ਪੋਠੋਹਾਰ ਦੇ ਸਿੱਖਾਂ ਦੀ ਜਾਨ ਹੂਲ ਕੇ ਮਦਦ ਕੀਤੀ।

ਪੰਜ ਜਨਵਰੀ 2019 ਨੂੰ ਮੈਂ ਕੰਵਲ ਨੂੰ ਮਿਲਣ ਆਇਆ ਤਾਂ ਉਹ ਇੱਕੋ ਸ਼ੇਅਰ ਵਾਰ ਵਾਰ ਦੁਹਰਾਈ ਗਿਆ-ਹਮ ਜੋ ਗਏ ਤੋ ਰਾਹ ਗੁਜ਼ਰ ਨਾ ਥੀ, ਤੁਮ ਜੋ ਆਏ ਤੋ ਮੰਜ਼ਲੇਂ ਲਾਏ...। ਰਾਤ ਮੈਂ ਉਹਦੇ ਕੋਲ ਹੀ ਰਹਿ ਪਿਆ। ਸਵੇਰੇ ਉਠੇ ਤਾਂ ਉਹ 'ਹਮ ਜੋ ਗਏ ਤੁਮ ਜੋ ਆਏ' ਵਾਲਾ ਸ਼ੇਅਰ ਭੁੱਲ ਚੁੱਕਾ ਸੀ। ਮੈਂ ਉਹਦੀ ਹੱਥ ਲਿਖਤ ਦੀ ਨਿਸ਼ਾਨੀ ਵਜੋਂ ਇੱਕ ਕਾਗਜ਼ ਮੇਜ਼ ਤੋਂ ਚੁੱਕ ਲਿਆ, ਜੋ ਤਾਜ਼ਾ ਲਿਖਿਆ ਸੀ। ਉਹ ਪੁਰਾਣੇ ਪੈਡ ਦਾ ਅੱਧਾ ਵਰਕਾ ਸੀ। ਮੈਂ ਤਹਿ ਕਰ ਕੇ ਬਟੂਏ ਵਿੱਚ ਪਾ ਲਿਆ, ਜੋ ਅੱਜ ਤੱਕ ਮੇਰੇ ਬਟੂਏ ਵਿੱਚ ਹੈ। ਕਦੇ ਕਦੇ ਨਜ਼ਰ ਮਾਰ ਲੈਂਦਾ ਹਾਂ। ਉਸ ਉੱਤੇ ਲਿਖੀ ਪਹਿਲੀ ਸਤਰ ਹੈ; ਕਾਲੀ ਗਾਨੀ ਮਿੱਤਰਾਂ ਦੀ, ਗਲ ਪਾ ਕੇ ਲੱਖਾਂ ਦੀ ਹੋ ਜਾਹ। ਦੂਜੀ ਸਤਰ ਹੈ; ਛੋਟੀਆਂ ਲੜਾਈਆਂ ਬੰਦ। ਚੜ੍ਹਦੀ ਕਲਾ ਬੁਲੰਦ। ਤੇ ਤੀਜੀ ਸਤਰ; ਸ਼ਕਤੀ ਬੰਦੇ ਨੂੰ ਲਲਕਾਰਦੀ ਹੈ...।

ਬੱਸ ਏਨੀਆਂ ਕੁ ਸਤਰਾਂ ਨਾਲ ਮੈਂ ਆਪਣੇ ਮਹਿਬੂਬ ਲੇਖਕ ਨੂੰ ਅੰਤਾਂ ਦੀ ਸ਼ਿੱਦਤ ਨਾਲ ਯਾਦ ਕਰਦਾ ਹਾਂ।

# ਕਿਸਾਨਾਂ ਨੂੰ ਵੰਗਾਰਨ ਵਾਲਾ ਹਰਜੀਤ ਗਰੇਵਾਲ ਚੋਣ ਪਿੜ ਤੋਂ ਗਾਇਬ

### * ਚੋਣਾਂ ਦੌਰਾਨ ਰਾਜਪੁਰਾ ਵਿੱਚ ਫੇਰੀ ਤੱਕ ਨਹੀਂ ਪਾਈ

ਪਟਿਆਲਾ, 10 ਫਰਵਰੀ (ਪੋਸਟ ਬਿਊਰੋ)- ਕਿਸਾਨਾਂ ਤੇ ਆਮ ਲੋਕਾਂ ਵੱਲੋਂ ਭਾਜਪਾ ਉਮੀਦਵਾਰਾਂ ਦੇ ਬਾਈਕਾਟ ਕਰਨ ਦੇ ਪੋਸਟਰ ਲੱਗ ਰਹੇ ਹਨ ਅਤੇ ਉਨ੍ਹਾਂ ਦੇ ਚੋਣ ਦਫਤਰ ਤੱਕ ਵੀ ਬੰਦ ਕਰਵਾਏ ਜਾ ਰਹੇ ਹਨ। ਇਸ ਕਾਰਨ ਭਾਜਪਾ ਦੇ ਆਗੂ ਚੋਣ ਪ੍ਰਚਾਰ ਤੋਂ ਟਾਲਾ ਵੱਟਣ ਲੱਗ ਪਏ ਹਨ। ਪੰਜਾਬ ਵਿੱਚ ਭਾਜਪਾ ਦੇ ਸਭ ਤੋਂ ਵਧੇਰੇ ਦਲੇਰ ਆਗੂ ਮੰਨੇ ਜਾਂਦੇ ਹਰਜੀਤ ਸਿੰਘ ਗਰੇਵਾਲ ਨੇ ਹਾਲੇ ਤੱਕ ਆਪਣੇ ਸ਼ਹਿਰ ਦੇ ਚੋਣ ਪਿੜ 'ਚ ਪੈਰ ਵੀ ਨਹੀਂ ਧਰਿਆ।

ਸਾਲ 2017 ਵਿੱਚ ਅਕਾਲੀ-ਭਾਜਪਾ ਗਠਜੋੜ ਵੇਲੇ ਵਿਧਾਨ ਸਭਾ ਚੋਣ ਲੜਨ ਦੌਰਾਨ ਹਰਜੀਤ ਸਿੰਘ ਗਰੇਵਾਲ ਭਾਜਪਾ ਰਾਜਪੁਰਾ ਦੇ ਹਲਕਾ ਇੰਚਾਰਜ ਹਨ, ਪਰ ਇਸ ਵਾਰੀ ਹਾਲੇ ਤੱਕ ਸ਼ਹਿਰ ਵਿੱਚ ਫੇਰੀ ਵੀ ਨਹੀਂ ਪਾਈ।

ਓਧਰ ਕਿਸਾਨਾਂ ਨੇ ਕੱਲ ਇੱਥੇ ਭਾਜਪਾ ਆਗੂਆਂ ਦੇ ਦਫਤਰ ਬੰਦ ਕਰਵਾ ਦਿੱਤੇ ਅਤੇ ਉਨ੍ਹਾਂ ਦੀਆਂ ਫਲੈਕਸਾਂ ਵੀ ਪਾੜ ਦਿੱਤੀਆਂ। ਕਿਸਾਨਾਂ ਨੇ ਹਰਜੀਤ ਸਿੰਘ ਗਰੇਵਾਲ ਦਾ ਦਫਤਰ ਵੀ ਬੰਦ ਕਰਵਾ ਦਿੱਤਾ ਹੈ। ਇਸ ਦੌਰਾਨ ਹਰਜੀਤ ਗਰੇਵਾਲ ਨੇ ਪੱਤਰਕਾਰਾਂ ਨੂੰ ਕਿਹਾ ਕਿ ਕਿਸਾਨ ਮਸਲੇ ਦਾ ਹੱਲ ਯਕੀਨੀ ਬਣਾਉਣ ਲਈ ਉਹ ਇਨ੍ਹੀਂ ਦਿਨੀਂ ਦਿੱਲੀ ਵਿੱਚ ਰੁੱਝੇ ਹੋਏ ਹਨ, ਜਿਸ ਕਰ ਕੇ ਉਹ ਰਾਜਪੁਰੇ ਨਹੀਂ ਆ ਸਕੇ, ਪਰ ਉਹ ਭਾਜਪਾ ਉਮੀਦਵਾਰਾਂ, ਆਗੂਆਂ, ਵਰਕਰਾਂ ਅਤੇ ਆਮ ਲੋਕਾਂ ਨਾਲ ਸੰਪਰਕ ਰੱਖ ਰਹੇ ਹਨ। ਗਰੇਵਾਲ ਨੇ ਕਿਹਾ ਕਿ ਉਸ ਦੇ ਨਾ ਜਾ ਸਕਣ ਵਾਲੇ ਹਾਲਾਤਾਂ ਨੂੰ ਡਰ ਨਾਲ ਜੋੜ ਕੇ ਨਹੀਂ ਦੇਖਣਾ ਚਾਹੀਦਾ। ਉਨ੍ਹਾਂ ਕਿਹਾ ਕਿ ਕਿਸਾਨ ਉਸ ਦਾ ਵਿਰੋਧ ਨਹੀਂ ਕਰਦੇ, ਕਿਉਂਕਿ ਉਹ ਖੁਦ ਕਿਸਾਨ ਹਨ।

ਇਸ ਦੌਰਾਨ ਕੌਂਸਲ ਚੋਣਾਂ ਲੜ ਰਹੇ ਭਾਜਪਾ ਉਮੀਦਵਾਰਾਂ ਦੇ ਦਫਤਰਾਂ ਦਾ ਉਦਘਾਟਨ ਕਰਨ ਲਈ ਪਹੁੰਚੇ ਜੰਮੂ ਕਸ਼ਮੀਰ ਦੇ ਭਾਜਪਾ ਆਗੂ ਨਰਿੰਦਰ ਕੁਮਾਰ ਰੈਣਾ ਨੂੰ ਕਿਸਾਨ ਜਥੇਬੰਦੀਆਂ ਦਾ ਵਿਰੋਧ ਝੱਲਣਾ ਪਿਆ। ਕਿਸਾਨ ਆਗੂਆਂ ਨੂੰ ਜਦੋਂ ਸਮਾਗਮ ਦੀ ਭਿਣਕ ਪਈ ਤਾਂ ਉਹ ਉਸ ਜਗ੍ਹਾ ਪੁੱਜ ਗਏ। ਕੁੱਲ ਹਿੰਦ ਕਿਸਾਨ ਸਭਾ ਦੇ ਸੂਬਾਈ ਆਗੂਆਂ ਨੇ ਨਾਅਰੇਬਾਜ਼ੀ ਕਰਦਿਆਂ ਭਾਜਪਾ ਆਗੂਆਂ ਨੂੰ ਕਾਲੇ ਝੰਡੇ ਦਿਖਾਏ ਤੇ ਉਨ੍ਹਾਂ ਨੂੰ ਉਦਘਾਟਨ ਕਾਰਜ ਵਿਚਾਲੇ ਛੱਡ ਕੇ ਜਾਣਾ ਪਿਆ। ਕਿਸਾਨਾਂ ਨੇ ਕੱਲ੍ਹ ਰਾਜਪੁਰਾ ਦੇ 25 ਵਾਰਡਾਂ ਵਿੱਚ ਚੋਣਾਂ ਲੜ ਰਹੇ ਭਾਜਪਾ ਉਮੀਦਵਾਰਾਂ ਦੇ ਚੋਣ ਦਫਤਰ ਬੰਦ ਕਰਵਾ ਦਿੱਤੇ ਅਤੇ ਉਨ੍ਹਾਂ ਕੁਝ ਦਫਤਰਾਂ ਅੱਗੇ ਲੱਗੀਆਂ ਭਾਜਪਾ ਉਮੀਦਵਾਰਾਂ ਦੀਆਂ ਫਲੈਕਸਾਂ ਪਾੜ ਦਿੱਤੀਆਂ।

# ਪੰਜਾਬ ਵਿੱਚੋਂ ਆਈ ਪੀ ਐਸ ਅਫਸਰਾਂ ਦੀ ਨਾਮੀਨੇਸ਼ਨ ਪ੍ਰਕਿਰਿਆ ਨੂੰ ਹਾਈ ਕੋਰਟ 'ਚ ਚੁਣੌਤੀ

ਚੰਡੀਗੜ੍ਹ, 10 ਫਰਵਰੀ (ਪੋਸਟ ਬਿਊਰੋ)- ਪੰਜਾਬ ਪੁਲਸ ਦੇ ਚਾਰ ਪੀ ਪੀ ਐਸ ਅਫਸਰਾਂ ਨੇ ਆਈ ਪੀ ਐਸ ਦੇ ਲਈ ਪੰਜਾਬ ਸਰਕਾਰ ਵੱਲੋਂ ਕੀਤੀ ਜਾ ਰਹੀ ਨਾਮੀਨੇਸ਼ਨ ਨੂੰ ਹਾਈ ਕੋਰਟ ਵਿੱਚ ਚੁਣੌਤੀ ਦੇ ਦਿੱਤੀ ਹੈ। ਇਸ ਪਟੀਸ਼ਨ 'ਤੇ ਹਾਈ ਕੋਰਟ ਨੇ ਪੰਜਾਬ ਸਰਕਾਰ ਅਤੇ ਯੂ ਪੀ ਐਸ ਸੀ ਨੂੰ 11 ਫਰਵਰੀ ਲਈ ਨੋਟਿਸ ਜਾਰੀ ਕਰ ਦਿੱਤਾ ਅਤੇ ਸਰਕਾਰ ਨੂੰ ਇਹ ਨਿਰਦੇਸ਼ ਦੇ ਦਿੱਤੇ ਹਨ ਕਿ ਆਈ ਪੀ ਐਸ ਨਾਮੀਨੇਸ਼ਨ ਦੀ ਇਹ ਪ੍ਰਕਿਰਿਆ ਇਸ ਪਟੀਸ਼ਨ 'ਤੇ ਾਈ ਕੋਰਟ ਦੇ ਅੰਤਿਮ ਫੈਸਲੇ 'ਤੇ ਨਿਰਭਰ ਹੋਵੇਗੀ। ਇਸ ਤਰ੍ਹਾਂ ਨਾਮੀਨੇਸ਼ਨ ਅੱਗੇ ਅੜਿੱਕਾ ਲੱਗ ਗਿਆ ਹੈ।




ਜਸਟਿਸ ਸੁਧੀਰ ਮਿੱਤਲ ਨੇ ਇਹ ਹੁਕਮ ਸੁਸ਼ੀਲ ਕੁਮਾਰ ਸਮੇਤ ਚਾਰ ਪੀ ਪੀ ਐਸ ਅਧਿਕਾਰੀਆਂ ਵੱਲੋਂ ਐਡਵੋਕੇਟ ਕੇ ਐਸ ਡਡਵਾਲ ਦੇ ਰਾਹੀਂ ਦਾਇਰ ਪਟੀਸ਼ਨ 'ਤੇ ਸੁਣਵਾਈ ਦੌਰਾਨ ਦਿੱਤੇ ਹਨ। ਪਟੀਸ਼ਨਰਾਂ ਨੇ ਹਾਈ ਕੋਰਟ ਨੂੰ ਦੱਸਿਆ ਕਿ ਉਹ 1994 ਵਿੱਚ ਡੀ ਐਸ ਪੀ ਭਰਤੀ ਹੋਏ ਸਨ। ਇਸ ਦੇ ਬਾਅਦ 2006 ਵਿੱਚ ਉਨ੍ਹਾਂ ਨੂੰ ਐਸ ਪੀ ਪ੍ਰਮੋਟ ਕਰਨ ਦੇ ਬਾਅਦ 2018 ਵਿੱਚ ਸੀਨੀਆਰਤਾ ਦਾ ਵਿਵਾਦ ਹੋਇਆ ਤਾਂ ਹਾਈ ਕੋਰਟ ਵਿੱਚ ਪੈਂਡਿੰਗ ਪਟੀਸ਼ਨਾਂ ਦਾ ਨਿਪਟਾਰਾ ਕਰਦੇ ਹੋਏ ਕੋਰਟ ਨੇ ਸੀਨੀਆਰਤਾ ਸੂਚੀ ਤਿਆਰ ਕਰਨ ਦਾ ਹੁਕਮ ਦਿੱਤਾ ਸੀ। ਇਸ ਪਿੱਛੋਂ ਗ੍ਰਹਿ ਵਿਭਾਗ ਦੇ ਸਪੈਸ਼ਲ ਚੀਫ ਸੈਕਟਰੀ ਨੇ ਡੀ ਜੀ ਪੀ ਨੂੰ ਸੀਨੀਆਰਤਾ ਸੂਚੀ ਦੋਬਾਰਾ ਬਣਾਉਣ ਲਈ ਪੱਤਰ ਲਿਖਿਆ ਸੀ। ਇਸੇ ਦੌਰਾਨ ਪੀ ਪੀ ਐਸ ਤੋਂ ਆਈ ਪੀ ਐਸ ਕੇਡਰ ਲਈ ਨਾਮੀਨੇਸ਼ਨ ਦੀ ਪ੍ਰਕਿਰਿਆ ਸ਼ੁਰੂ ਕਰ ਦਿੱਤੀ ਗਈ। ਪਟੀਸ਼ਨਰਾਂ ਨੇ ਇਸ 'ਤੇ ਇਤਰਾਜ ਕੀਤਾ ਹੈ ਕਿ ਇਸ ਪ੍ਰਕਿਰਿਆ ਨੂੰ ਅਪਣਾਉਂਦੇ ਹੋਏ ਰੋਸਟਰ ਦੇ ਨੰਬਰਾਂ ਦਾ ਧਿਆਨ ਨਹੀਂ ਰੱਖਿਆ ਗਿਆ। ਇਸ ਦੇ ਨਾਲ ਹੀ ਨਾਮੀਨੇਸ਼ਨ ਦੀ ਪ੍ਰਕਿਰਿਆ ਦੌਰਾਨ ਮੈਰਿਟ ਨੂੰ ਵੀ ਨਜ਼ਰਅੰਦਾਜ਼ ਕੀਤਾ ਗਿਆ। ਪਟੀਸ਼ਨਰਾਂ ਵੱਲੋਂ ਦਰਜ ਇਤਰਾਜ਼ਾਂ 'ਤੇ ਹੋਮ ਸੈਕਟਰੀ ਨੇ ਉਨ੍ਹਾਂ ਨੂੰ ਬੀਤੀ 11 ਫਰਵਰੀ ਨੂੰ ਬੁਲਾਇਆ ਅਤੇ ਇਤਰਾਜ਼ ਸੁਣਨ ਪਿੱਛੋਂ 29 ਜਨਵਰੀ 2021 ਨੂੰ ਅਸਥਾਈ ਸੀਨੀਆਰਤਾ ਸੂਚੀ ਬਣਾਈ ਸੀ, ਪਰ ਆਈ ਪੀ ਐਸ ਦੇ 24 ਅਹੁਦਿਆਂ ਲਈ ਨਾਮੀਨੇਸ਼ਨ ਦੇ ਲਈ ਤਿਆਰ ਇਸ ਸੂਚੀ ਵਿੱਚ ਵੀ ਪਟੀਸ਼ਨਰਾਂ ਨੂੰ ਰੋਸਟਰ ਨੰਬਰਾਂ ਦਾ ਲਾਭ ਨਹੀਂ ਦਿੱਤਾ ਗਿਆ, ਜਦ ਕਿ ਅਨੁਸੂਚਿਤ ਜਾਤੀ ਲਈ ਇਹ ਨੰਬਰ ਦਿੱਤੇ ਗਏ ਹਨ। ਪਟੀਸ਼ਨਰਾਂ ਨੇ ਪੰਜਾਬ ਪੁਲਸ ਦੀ ਵੈਬਸਾਈਟ 'ਤੇ ਪਾਇਆ ਕਿ ਉਨ੍ਹਾਂ ਦਾ ਨਾਂਅ ਨਾਮੀਨੇਟ ਕੀਤਾ ਹੀ ਨਹੀਂ ਗਿਆ, ਇਸ ਲਈ ਉਹ ਹਾਈ ਕੋਰਟ ਵਿੱਚ ਚਲੇ ਗਏ ਸਨ।

# ਫਗਵਾੜਾ ਗੋਲੀਕਾਂਡ ਕੇਸ ਵਿੱਚ ਅਦਾਲਤ ਦੇ ਆਦੇਸ਼ 'ਤੇ ਦੋ ਗ਼ਿ੍ਰਫ਼ਤਾਰ

ਫਗਵਾੜਾ, 10 ਫਰਵਰੀ (ਪੋਸਟ ਬਿਊਰੋ)- ਕਰੀਬ ਤਿੰਨ ਸਾਲ ਪਹਿਲਾਂ ਹੋਏ ਬਹੁ-ਚਰਚਿਤ ਗੋਲ ਚੌਕ ਗੋਲੀਕਾਂਡ ਵਿੱਚ ਅਦਾਲਤ ਦੇ ਆਦੇਸ਼ 'ਤੇ ਦੋ ਦੋਸ਼ੀ ਨੇਤਾਵਾਂ ਅੰਬੇਦਕਰ ਸੈਨਾ (ਮੂਲ ਵਾਸੀ) ਦੇ ਕੌਮੀ ਪ੍ਰਧਾਨ ਹਰਭਜਨ ਸੁਮਨ ਅਤੇ ਪ੍ਰਦੀਪ ਕੁਮਾਰ ਨੂੰ ਗ੍ਰਿਫ਼ਤਾਰ ਕਰਨ ਦੀ ਸੂਚਨਾ ਹੈ। ਦੋਨੋ ਦੋਸ਼ੀ ਅਦਾਲਤ ਵਿੱਚ ਸਬੰਧਤ ਕੇਸ ਵਿੱਚ ਰਜਿਸਟਰ ਹੋਏ ਇੱਕ ਪੁਲਸ ਕੇਸ ਵਿੱਚ ਬਿਨਾ ਅਗਾਊਂ ਬੇਲ ਦੇ ਕੱਲ੍ਹ ਪੇਸ਼ ਹੋਏ ਦੱਸੇ ਜਾ ਰਹੇ ਹਨ।

ਵਰਨਣ ਯੋਗ ਹੈ ਕਿ ਅਦਾਲਤ ਨੇ ਚਰਚਿਤ ਗੋਲ ਚੌਕ ਵਿਵਾਦ ਵਿੱਚ ਰਜਿਸਟਰ ਹੋਏ ਤਿੰਨ ਕੇਸਾਂ ਵਿੱਚ ਸੀ ਆਰ ਪੀ ਸੀ ਦੀ ਧਾਰਾ-319 ਦੇ ਤਹਿਤ ਕਰੀਬ 36 ਲੋਕਾਂ ਨੂੰ ਸੰਮਨ ਜਾਰੀ ਕਰਕੇ 9 ਫਰਵਰੀ ਨੂੰ ਅਦਾਲਤ ਵਿੱਚ ਪੇਸ਼ ਹੋਣ ਦੇ ਆਦੇਸ਼ ਜਾਰੀ ਕੀਤੇ ਸੀ, ਜਿਨ੍ਹਾਂ ਵਿੱਚ ਉਕਤ ਦੋ ਦੋਸ਼ੀ ਸ਼ਾਮਲ ਹਨ। ਜ਼ਿਲ੍ਹਾ ਕਪੂਰਥਲਾ ਦੀ ਐਸ ਐਸ ਪੀ ਕੰਵਰਪ੍ਰੀਤ ਕੌਰ ਨੇ



ਦੱਸਿਆ ਕਿ ਇਹ ਸਾਰੀ ਕਾਰਵਾਈ ਅਦਾਲਤ ਦੇ ਆਦੇਸ਼ 'ਤੇ ਕੀਤੀ ਜਾ ਰਹੀ ਹੈ। ਗ਼ਿ੍ਰਫ਼ਤਾਰ ਉਕਤ ਦੋਨਾਂ ਦੋਸ਼ੀਆਂ ਨੂੰ ਮੈਡੀਕਲ ਕਰਵਾਉਣ ਦੇ ਬਾਅਦ ਨਿਆਂਇਕ ਹਿਰਾਸਤ ਵਿੱਚ ਭੇਜਿਆ ਜਾ ਰਿਹਾ ਹੈ।

## ਨਗਰ ਨਿਗਮ ਦਾ ਇੰਸਪੈਕਟਰ ਰਿਸ਼ਵਤ ਲੈਣ ਦੇ ਦੋਸ਼ ਵਿੱਚ ਗ੍ਰਿਫਤਾਰ

ਫਗਵਾੜਾ, 10 ਫਰਵਰੀ (ਪੋਸਟ ਬਿਊਰੋ)- ਵਿਜੀਲੈਂਸ ਵਿਭਾਗ ਦੀ ਟੀਮ ਨੇ ਨਗਰ ਨਿਗਮ ਫਗਵਾੜਾ ਦੇ ਇੰਸਪੈਕਟਰ ਨੂੰ ਰਿਸ਼ਵਤ ਲੈਣ ਦੇ ਦੋਸ਼ ਵਿੱਚ ਜਾਂਚ ਤੋਂ ਬਾਅਦ ਗ੍ਰਿਫਤਾਰ ਕਰ ਕੇ ਕੇਸ ਦਰਜ ਕਰ ਲਿਆ ਹੈ।

ਇਸ ਸੰਬੰਧ ਵਿੱਚ ਵਿਜੀਲੈਂਸ ਵਿਭਾਗ ਦੇ ਚੀਫ਼ ਡਾਇਰੈਕਟਰ ਪੰਜਾਬ, ਬੀ ਕੇ ਉਪਲ ਨੇ ਦੱਸਿਆ ਕਿ ਫਗਵਾੜਾ ਨਗਰ ਨਿਗਮ ਦੇ ਇੰਸਪੈਕਟਰ ਪਾਲ ਪ੍ਰਨੀਤ ਸਿੰਘ ਨੂੰ ਵਿਜੀਲੈਂਸ ਵਿਭਾਗ ਨੇ ਸਰਕਾਰੀ ਫੀਸ ਦੇ ਨਾਂ 'ਤੇ ਇੱਕ ਲੱਖ ਰੁਪਏ ਦੀ ਰਕਮ ਲੈਣ ਦੇ ਦੋਸ਼ ਵਿੱਚ ਗ੍ਰਿਫ਼ਫ਼ਤਾਰ ਕੀਤਾ ਹੈ। ਉਨ੍ਹਾਂ ਦੱਸਿਆ ਕਿ ਇੰਸਪੈਕਟਰ ਨੇ ਇੱਕ ਪਲਾਟ ਦੀ ਚਾਰਦੀਵਾਰੀ ਦੀ ਮਨਜ਼ੂਰੀ ਦੇਣ ਅਤੇ 20 ਮਰਲੇ ਦੇ ਪਲਾਟ ਦਾ ਨਕਸ਼ਾ ਪਾਸ ਕਰਨ ਵਾਸਤੇ ਇੱਕ ਲੱਖ ਰੁਪਏ ਲਏ ਸਨ।

ਸ਼ਿਕਾਇਤ ਕਰਤਾ ਨੇ ਦੱਸਿਆ ਕਿ ਇੰਸਪੈਕਟਰ ਨੇ ਪਲਾਟ ਦੇ ਨਕਸ਼ੇ ਨੂੰ ਮਨਜ਼ੂਰੀ ਦੇਣ ਲਈ ਸਰਕਾਰੀ ਫੀਸ ਵਜੋਂ ਇੱਕ ਲੱਖ ਰੁਪਏ ਉਸ ਦੇ ਪਿਤਾ ਜਸਵਿੰਦਰ ਸਿੰਘ ਤੋਂ ਕਿਸ਼ਤਾਂ ਵਿੱਚ ਲਏ ਸਨ। ਜਦੋਂ ਸ਼ਿਕਾਇਤ ਕਰਤਾ ਦੇ ਪਿਤਾ ਜਸਵਿੰਦਰ ਸਿੰਘ ਨੇ ਨਗਰ ਨਿਗਮ ਜਾ ਕੇ ਪਤਾ ਕੀਤਾ ਤਾਂ ਦੱਸਿਆ ਗਿਆ ਉਸ ਇੰਸਪੈਕਟਰ ਨੂੰ ਬਦਲ ਦਿੱਤਾ ਗਿਆ ਹੈ। ਜਦੋਂ ਜਸਵਿੰਦਰ ਸਿੰਘ ਨੇ ਆਪਣੇ ਪਲਾਟ ਦੀ ਫ਼ਾਈਲ ਦੀ ਜਾਂਚ ਕਰਵਾਈ ਤਾਂ ਪਤਾ ਲੱਗਾ ਕਿ ਦਫਤਰ 'ਚ ਕੋਈ ਫਾਈਲ ਹੀ ਨਹੀਂ ਜਮਾਂ ਹੋਈ। ਇਸ ਪਿੱਛੋਂ ਜਸਵਿੰਦਰ ਸਿੰਘ ਨੇ ਥਾਣਾ ਸਤਨਾਮਪੁਰਾ ਵਿਖੇ ਉਸ ਅਧਿਕਾਰੀ ਖਿਲਾਫ ਸ਼ਿਕਾਇਤ ਦਿੱਤੀ, ਜਿਸ ਤੋਂ ਬਾਅਦ ਵਿਜੀਲੈਂਸ ਵਿਭਾਗ ਨੇ ਰਿਸ਼ਵਤ ਲੈਣ ਦੇ ਮਾਮਲੇ 'ਚ ਇੰਸਪੈਕਟਰ ਖਿਲਾਫ ਵਿਜੀਲੈਂਸ ਵਿਭਾਗ ਜਲੰਧਰ 'ਚ ਭ੍ਰਿਸ਼ਟਾਚਾਰ ਐਕਟ ਦੇ ਤਹਿਤ ਕੇਸ ਦਰਜ ਕਰ ਲਿਆ।

# ਕੇ ਜੈਡ ਐਫ ਦਾ ਖਾੜਕੂ ਗੁਰਪਿੰਦਰ ਨਾਂਦੇੜ ਤੋਂ ਗ੍ਰਿਫਤਾਰ

ਲੁਧਿਆਣਾ, 10 ਫਰਵਰੀ (ਪੋਸਟ ਬਿਊਰੋ)- ਮਹਾਰਾਸ਼ਟਰ ਦੇ ਨਾਂਦੇੜ ਸਾਹਿਬ ਜ਼ਿਲ੍ਹੇ ਦੇ ਸ਼ਿਕਾਰਘਾਟ ਇਲਾਕੇ ਵਿੱਚ ਪੰਜਾਬ ਪੁਲਸ ਅਤੇ ਲੋਕਲ ਪੁਲਸ ਦੇ ਸਾਂਝੀ ਛਾਪੇ ਦੌਰਾਨ ਖਾਲਿਸਤਾਨ ਜ਼ਿੰਦਾਬਾਦ ਫੋਰਸ ਦੇ ਮੈਂਬਰ ਗੁਰਪਿੰਦਰ ਸਿੰਘ ਵਾਸੀ ਮੁਕਤਸਰ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਪੰਜਾਬ ਪੁਲਸ ਦੀ ਟੀਮ ਉਸ ਨੂੰ ਉਥੋਂ ਦੀ ਕੋਰਟ ਵਿੱਚ ਪੇਸ਼ ਕਰਨ ਤੋਂ ਬਾਅਦ ਕੱਲ੍ਹ ਸਵੇਰੇ ਅੰਮ੍ਰਿਤਸਰ ਪਹੁੰਚ ਗਈ, ਜਿੱਥੇ ਉਸ ਦਾ ਚਾਰ ਦਿਨ ਦਾ ਰਿਮਾਂਡ ਲੈ ਲਿਆ ਹੈ।



ਗੁਰਪਿੰਦਰ ਸਿੰਘ ਨੂੰ ਖਾਲਿਸਤਾਨ ਜ਼ਿੰਦਾਬਾਦ ਫੋਰਸ ਦੇ ਖਾੜਕੂ ਸਰਬਜੀਤ ਸਿੰਘ ਪਿੰਡ ਭੰਮੀਪੁਰਾ ਲੁਧਿਆਣਾ ਦੇ ਸੰਪਰਕ ਵਿੱਚ ਹੋਣ 'ਤੇ ਫੜਿਆ ਗਿਆ। ਇਨ੍ਹਾਂ ਉਤੇ ਅੰਮ੍ਰਿਤਸਰ ਦੇ ਸਟੇਟ ਸਪੈਸ਼ਲ ਆਪਰੇਸ਼ਨ ਸੈਲ ਵਿੱਚ ਅਨਲਾਅਫੁਲ ਐਕਟੀਵਿਟੀ ਐਕਟ ਹੇਠ 19 ਦਸੰਬਰ 2020 ਨੂੰ ਕੇਸ ਦਰਜ ਕੀਤਾ ਸੀ। ਉਹ ਬੈਲਜ਼ੀਅਮ ਵਿੱਚ ਰਹਿੰਦੇ ਖਾਲਿਸਤਾਨ ਜ਼ਿੰਦਾਬਾਦ ਫੋਰਸ ਦੇ ਖਤਰਨਾਕ ਖਾੜਕੂ ਜਗਦੀਸ਼ ਸਿੰਘ ਭੂਰਾ ਪਿੰਡ ਮੋਹੀ ਲੁਧਿਆਣਾ ਦੇ ਕਹਿਣ 'ਤੇ ਖਾੜਕੂ ਘਟਨਾਵਾਂ ਲਈ ਸਰਗਰਮ ਸਨ। ਗੁਰਪਿੰਦਰ ਸਿੰਘ ਦੀ ਪੁੱਛਗਿੱਛ ਉਤੇ ਪੁਲਸ ਇਸ ਮਾਡਿਊਲ ਦੀਆਂ ਹੋਰ ਕੜੀਆਂ ਨੂੰ ਲੱਭੇਗੀ।

ਸਟੇਟ ਸਪੈਸ਼ਲ ਆਪਰੇਸ਼ਨ ਸੈਲ ਨੇ 19 ਦਸੰਬਰ 2020 ਨੂੰ ਤਰਨ ਤਾਰਨ ਇਲਾਕੇ ਵਿੱਚ ਦੋਸ਼ ਸਰਬਜੀਤ ਸਿੰਘ ਕਿਰਤ ਵਾਸੀ ਭੰਮੀਪੁਰਾ ਲੁਧਿਆਣਾ, ਅਮਨਦੀਪ ਵਾਸੀ ਫਰੀਦਕੋਟ, ਗੁਰਦੀਪ ਵਾਸੀ ਗੁਰਦਾਸਪੁਰ, ਜਗਦੀਸ਼ ਸਿੰਘ ਭੂਰਾ ਪਿੰਡ ਮੋਹੀ ਲੁਧਿਆਣਾ, ਜੋ ਅਜੇ ਬੈਲਜ਼ੀਅਮ ਵਿੱਚ ਹੈ, ਨੂੰ ਨਾਮਜ਼ਦ ਕੀਤਾ ਸੀ। ਜਾਂਚ ਵਿੱਚ ਪਤਾ ਲੱਗਾ ਕਿ ਸਰਬਜੀਤ ਢਾਈ ਸਾਲ ਪਹਿਲਾਂ ਦੁਬਈ ਗਿਆ ਸੀ ਅਤੇ ਉਥੇ ਉਹ ਕੇ ਜੈਡ ਐਫ ਦੇ ਸੰਪਰਕ ਵਿੱਚ ਆਇਆ। ਇਸ ਦੇ ਬਾਅਦ ਉਹ ਬੈਲਜ਼ੀਅਮ ਵਾਸੀ ਖਾੜਕੂ ਜਗਦੀਸ਼ ਭੂਰਾ ਲਈ ਕੰਮ ਕਰਨ ਲੱਗਾ। ਟਾਰਗੈਟ ਕਿਲਿੰਗ ਲਈ ਹਥਿਆਰ ਇਕੱਠੇ ਕਰਨ ਦੇ ਲਈ ਫੰਡਿੰਗ ਇਸ ਨੂੰ ਬੈਲਜੀਅਮ ਤੋਂ ਜਗਦੀਸ਼ ਭੂਰਾ ਕਰਦਾ ਰਿਹਾ ਸੀ ਅਤੇ ਟਾਰਗੈਟ ਅੱਗੇ ਗੁਰਪਿੰਦਰ ਸਿੰਘ ਵਾਸੀ ਮੁਕਤਸਰ ਦਿੰਦਾ ਸੀ। ਇਸ ਜਾਂਚ ਤੋਂ ਅੱਗੇ ਗੱਲ ਤੁਰਨ ਦੇ ਸੰਕੇਤ ਹਨ।

TRUCK FOR SALE
2017 Cascadia freightliner
(Manual Truck)




891241 km, DD 15 motor, New tune up, Def filter already changed, Front tire is brand new, rear tire is 70%, Bunk heater working, Fridge is working
Contact: 647 960 7989

# ਗੈਸ ਏਜੰਸੀ ਦੇ ਕਾਰਿੰਦੇ ਦਾ ਕਤਲ ਕਰਕੇ ਲਾਸ਼ ਰੇਲਵੇ ਲਾਈਨਾਂ 'ਤੇ ਸੁੱਟੀ

ਲੁਧਿਆਣਾ, 10 ਫਰਵਰੀ (ਪੋਸਟ ਬਿਊਰੋ)- ਜਗਰਾਉਂ ਪੁਲ ਕੋਲ ਗੈਸ ਏਜੰਸੀ ਵਿੱਚ ਕੰਮ ਕਰਦੇ ਕਰਿੰਦੇ ਰਾਮ ਸੇਵਕ ਵਰਮਾ (40) ਦਾ ਕੱਲ੍ਹ ਦੇਰ ਰਾਤ ਅਣਪਛਾਤੇ ਕਾਤਲਾਂ ਨੇ ਕਤਲ ਕਰ ਦਿੱਤਾ ਅਤੇ ਲਾਸ਼ ਨੂੰ ਰੇਲਵੇ ਲਾਈਨਾਂ ਕੋਲ ਸੁੱਟ ਕੇ ਫਰਾਰ ਹੋ ਗਏ। ਜਾਂਦੇ ਹੋਏ ਦੋਸ਼ੀ ਐਕਟਿਵਾ ਨੂੰ ਜਗਰਾਉਂ ਪੁਲ ਉਪਰ ਖੜ੍ਹੀ ਕਰ ਗਏ, ਜਦੋਂ ਕਿ ਉਸ ਦਾ ਮੋਬਾਈਲ ਫੋਨ ਕੁਝ ਦੂਰ ਸੁੱਟ ਗਏ। ਘਟਨਾ ਦਾ ਪਤਾ ਉਸ ਵੇਲੇ ਲੱਗਿਆ, ਜਦੋਂਰਾਮ ਸੇਵਕ ਦੇ ਪਰਵਾਰ ਵਾਲੇ ਉਸ ਨੂੰ ਲੱਭਦੇ ਹੋਏ ਉਥੇ ਪੁੱਜੇ। ਉਨ੍ਹਾਂ ਇਸ ਦੀ ਜਾਣਕਾਰੀ ਪੁਲਸ ਨੂੰ ਦਿੱਤੀ। ਜੀ ਆਰ ਪੀ ਦੇ ਮੁਲਾਜ਼ਮ ਉਥੇ ਪੁੱਜ ਗਏ। ਇਸ ਬਾਰੇ ਸ਼ੱਕ ਕੀਤਾ ਜਾ ਰਿਹਾ ਹੈ ਕਿ ਕਾਤਲਾਂ ਨੇ ਸਿਰ 'ਤੇ ਪੱਥਰ ਮਾਰ ਕੇ




ਉਸ ਦਾ ਕਤਲ ਕੀਤਾ ਤੇ ਫਰਾਰ ਹੋ ਗਏ। ਪੋਸਟਮਾਰਟਮ ਵਿੱਚ ਉਸ ਦੇ ਸਿਰ 'ਤੇ ਸੱਟ ਲੱਗਣ ਕਾਰਨ ਉਸ ਦੀ ਮੌਤ ਹੋਈ ਦੱਸੀ ਗਈ ਹੈ। ਮ੍ਰਿਤਕ ਦੇ ਭਰਾ ਸੰਤ ਰਾਮ ਨੇ ਦੱਸਿਆ ਕਿ ਉਹ ਮੂਲ ਰੂਪ 'ਚ ਉਤਰ ਪ੍ਰਦੇਸ਼ ਦੇ ਜ਼ਿਲ੍ਹਾ ਬਲਰਾਮਪੁਰ ਦੇ ਪਿੰਡ ਸਿਮਰਾ ਦੇ ਵਸਨੀਕ ਹਨ। ਰਾਮ ਸੇਵਕ ਜਗਰਾਉਂ ਪੁਲ ਨੇੜੇ ਕੇ ਸੀ ਗੈਸ ਏਜੰਸੀ 'ਚ ਕੰਮ ਕਰਦਾ ਸੀ। ਸੋਮਵਾਰ ਰਾਤ ਜਦੋਂ ਉਹ ਨੌਂ ਵਜੇ ਘਰ ਨਾ ਪੁੱਜਿਆ ਤਾਂ ਪਰਵਾਰ ਵਾਲਿਆਂ ਨੇ ਫੋਨ ਕੀਤਾ, ਪਰ ਕਿਸੇ ਨੇ ਨਹੀਂ ਚੁੱਕਿਆ। ਪਰਵਾਰ ਵਾਲੇ ਉਸ ਦੀ ਭਾਲ ਵਿੱਚ ਉਸ ਦੇ ਦਫਤਰ ਪੁੱਜੇ ਤਾਂ ਪਤਾ ਲੱਗਾ ਕਿ ਉਹ ਐਕਟਿਵਾ ਲੈ ਕੇ ਜਾ ਚੁੱਕਾ ਹੈ। ਇਸ ਤੋਂ ਬਾਅਦ ਜਗਰਾਉਂ ਪੁਲ ਕੋਲ ਉਸ ਦੇ ਭਰਾ ਨੂੰ ਐਕਟਿਵਾ ਖੜ੍ਹੀ ਮਿਲੀ ਤੇ ਕੁਝ ਦੂਰੀ 'ਤੇ ਲਾਸ਼ ਮਿਲੀ। ਸੰਤ ਰਾਮ ਨੇ ਦੱਸਿਆ ਕਿ ਕਾਤਲ ਉਸ ਦੇ ਭਰਾ ਦਾ ਮੋਬਾਈਲ ਲਾਸ਼ ਤੋਂ ਕੁਝ ਦੂਰ ਸੁੱਟ ਗਏ। ਜੀ ਆਰ ਪੀ ਦੇ ਜਾਂਚ ਅਧਿਕਾਰੀ ਏ ਐਸ ਆਈ ਰਮੇਸ਼ਚੰਦਰ ਨੇ ਦੱਸਿਆ ਕਿ ਪੀੜਤ ਪਰਿਵਾਰ ਦੇ ਬਿਆਨ ਤੋਂ ਬਾਅਦ ਕੇਸ ਦਰਜ ਕਰ ਲਿਆ ਗਿਆ ਹੈ। ਜਲਦੀ ਹੀ ਮੁਲਜ਼ਮਾਂ ਦੀ ਭਾਲ ਕਰ ਲਈ ਜਾਵੇਗੀ।

## ਬਿਜਲੀ ਮੀਟਰ ਨਾਲ ਛੇੜਛਾੜ ਕਰਨ ਉੱਤੇ 1.75 ਲੱਖ ਜੁਰਮਾਨਾ

ਜਲੰਧਰ, 10 ਫਰਵਰੀ (ਪੋਸਟ ਬਿਊਰੋ)- ਪੰਜਾਬ ਪਾਵਰਕਮਾ ਦੇ ਮੀਟਰ ਰੀਡਰਾਂ ਦੀ ਮਿਲੀਭੁਗਤ ਨਾਲ ਬਿਜਲੀ ਮੀਟਰਾਂ ਨਾਲ ਛੇੜਛਾੜ ਦੇ ਮਾਮਲੇ ਲਗਾਤਾਰ ਸਾਹਮਣੇ ਆ ਰਹੇ ਹਨ। ਕੱਲ੍ਹ ਫਿਰ ਇਨਫੋਰਸਮੈਂਟ ਵਿੰਗ ਨੇ ਜਨਤਾ ਕਾਲੋਨੀ ਵਿੱਚ ਇੱਕ ਬਿਜਲੀ ਮੀਟਰ ਨਾਲ ਛੇੜਛਾੜ ਕਰਕੇ ਪਾਵਰਕਾਮ ਨੂੰ ਚੂਨਾ ਲਾਉਣ ਦਾ ਕੇਸ ਫੜਿਆ ਹੈ।

ਇਸ ਮਾਮਲੇ ਵਿੱਚ ਪਾਵਰਕਮਾ ਦੇ ਇਨਫੋਰਸਮੈਂਟ ਵਿੰਗ ਨੇ ਛੇੜਛਾੜ ਕਰਨ ਵਾਲੇ ਖਪਤਕਾਰਾਂ ਨੂੰ ਜਿੱਥੇ 1.75 ਲੱਖ ਰੁਪਏ ਜੁਰਮਾਨਾ ਪਾਇਆ,ਉਥੇ ਸਟਰਲਿੰਗ ਕੰਪਨੀ ਨੂੰ 2.75 ਲੱਖ ਰੁਪਏ ਦਾ ਜੁਰਮਾਨਾ ਕੀਤਾ ਹੈ। ਇਨਫੋਰਸਮੈਂਟ ਦੇ ਡਿਪਟੀ ਚੀਫ ਇੰਜੀਨੀਅਰ ਰਜਤ ਸ਼ਰਮਾ ਨੇ ਦੱਸਿਆ ਕਿ ਜਨਤਾ ਕਾਲੋਨੀ ਵਿੱਚ ਇੱਕ ਖਪਤਕਾਰ ਨੇ ਮੀਟਰ ਰੀਡਰ ਨਾਲ ਮਿਲ ਕੇ ਦੋ ਸਾਲ ਤੱਕ ਅਸਲ ਖਪਤ ਤੋਂ ਕਾਫੀ ਘੱਟ ਰਕਮ ਦਾ ਬਿੱਲ ਦਿੱਤਾ ਅਤੇ ਮੀਟਰ ਦਾ ਡਿਸਪਲੇ ਖ਼ਰਾਬ ਕਰ ਦਿੱਤਾ ਗਿਆ ਸੀ। ਖਪਤਕਾਰ ਨੇ ਇਹ ਮੀਟਰ ਖ਼ਰਾਬ ਦਿਖਾ ਕੇ ਨਵਾਂ ਮੀਟਰ ਲਗਵਾਇਆ ਤਾਂ ਵਿੰਗ ਨੇ ਇਸ ਮੀਟਰ ਦੀ ਲੈਬ ਵਿੱਚ ਜਾਂਚ ਕੀਤੀ ਅਤੇ ਪਿਛਲੀ ਸਾਰੀ ਖਪਤ ਦਾ ਡਾਟਾ ਕੱਢ ਲਿਆ। ਖਪਤਕਾਰ ਦੀ ਅਸਲ ਖਪਤ 16100 ਯੂਨਿਟ ਨਿਕਲੀ, ਪਰ ਮੀਟਰ ਤੋਂ 14 ਨਵੰਬਰ 2019 ਤੱਕ 6308 ਯੂਨਿਟ ਖਪਤ ਕੀਤੀ ਗਈ ਸੀ। ਬਿਜਲੀ ਚੋਰੀ ਦਾ ਕੰਮ ਲੰਬੇ ਸਮੇਂ ਤੋਂ ਮੀਟਰ ਰੀਡਰ ਪੈਸੇ ਲੈ ਕੇ ਕਰਵਾ ਰਿਹਾ ਸੀ। ਇੰਜੀਨੀਅਰ ਰਜਤ ਸ਼ਰਮਾ ਦਾ ਕਹਿਣਾ ਸੀ ਕਿ ਜਨਤਾ ਕਾਲੋਨੀ ਵਿੱਚ ਇਸ ਤਰ੍ਹਾਂ ਦੇ ਤਿੰਨ ਹੋਰ ਮਾਮਲੇ ਫੜੇ ਹਨ, ਜਿਨ੍ਹਾਂ ਵਿੱਚ ਅਗਲੀ ਕਾਰਵਾਈ ਕੀਤੀ ਜਾ ਰਹੀ ਹੈ ਤੇ ਇਸ ਕੇਸ ਨਾਲ ਸੰਬੰਧ ਰੱਖਦੇ ਮੀਟਰ ਰੀਡਰ ਨੂੰ ਨੌਕਰੀ ਤੋਂ ਕੱਢ ਦਿੱਤਾ ਗਿਆ ਹੈ।

## ਡਾਕਟਰ ਦੇ ਘਰ ਦੀ ਡਕੈਤੀ ਦਾ ਮਾਸਟਰ ਮਾਈਂਡ ਨੌਕਰਾਣੀ ਦਾ ਪਤੀ ਗ੍ਰਿਫਤਾਰ

ਅੰਮ੍ਰਿਤਸਰ, 10 ਫਰਵਰੀ (ਪੋਸਟ ਬਿਊਰੋ)- ਇਸ ਸ਼ਹਿਰ ਦੇ ਸ਼ਾਸਤਰੀ ਨਗਰ ਦੀ ਦਸੌਂਧਾ ਸਿੰਘ ਰੋਡ ਉੱਤੇ ਡਾਕਟਰ ਸ਼ਿਵਾਂਗੀ ਅਰੋੜਾ ਦੇ ਪਰਵਾਰ ਨੂੰ ਬੰਦੀ ਬਣਾ ਕੇ ਲੱਖਾਂ ਰੁਪਏ ਅਤੇ ਗਹਿਣੇ ਦੀ ਡਕੈਤੀ ਦੇ ਮਾਸਟਰ ਮਾਈਂਡ ਦਿਲਦਾਰ ਸਿੰਘ ਵਾਸੀ ਕ੍ਰਿਸਨਾ ਨਗਰ ਨੂੰ ਪੁਲਸ ਨੇ ਗ੍ਰਿਫਤਾਰ ਕਰ ਲਿਆ ਹੈ। ਉਸ ਕੋਲੋਂ ਤਿੰਨ ਲੱਖ ਰੁਪਏ ਅਤੇ ਵਾਰਦਾਤ ਵਿੱਚ ਵਰਤਿਆ ਗਿਆ ਦਾਤਰ ਬਰਾਮਦ ਕੀਤਾ ਗਿਆ ਹੈ। ਦੋਸ਼ੀ ਨੇ ਆਪਣੀ ਪਤਨੀ ਅਤੇ ਮਾਂ ਨਾਲ ਮਿਲ ਕੇ ਵਾਰਦਾਤ ਕੀਤੀ ਸੀ। ਉਸ ਦੀ ਪਤਨੀ ਇਸ ਕਲੀਨਿਕ 'ਤੇ ਨੌਕਰਾਣੀ ਦਾ ਕੰਮ ਕਰਦੀ ਸੀ ਅਤੇ ਉਹ ਘਰ ਬਾਰੇ ਚੰਗੀ ਤਰ੍ਹਾਂ ਜਾਣਦੀ ਸੀ, ਜਿਸ ਦੇ ਬਾਅਦ ਪਤਨੀ ਦੇ ਨਾਲ ਮਿਲ ਕੇ ਉਸ ਨੇ ਵਾਰਦਾਤ ਦੀ ਯੋਜਨਾ ਬਣਾਈ।

ਪੁਲਸ ਇਸ ਕੇਸ ਵਿੱਚ ਮੁੱਖ ਦੋਸ਼ੀ ਦੀ ਪਤਨੀ ਅਤੇ ਮਾਂ ਸਮੇਤ ਚਾਰ ਜਣਿਆਂ ਨੂੰ ਗ੍ਰਿਫਤਾਰ ਕਰ ਚੁੱਕੀ ਹੈ ਅਤੇ ਉਨ੍ਹਾਂ ਦੇ ਕਬਜੇ 'ਚੋਂ ਪੁਲਸ ਨੇ ਸੱਤਰ ਹਜ਼ਾਰ ਰੁਪਏ ਨਕਦੀ, ਦੋ ਐਕਟਿਵਾ ਇੱਕ ਦੇਸੀ ਪਿਸਤੌਲ, ਦੋ ਜ਼ਿੰਦਾ ਕਾਰਤੂਸ ਅਤੇ ਇੱਕ ਦਾਤਰ ਬਰਾਮਦ ਕੀਤੇ ਹਨ। ਪੁਲਸ ਨੇ ਦੱਸਿਆ ਕਿ ਦੋਸ਼ੀਆਂ ਦੇ ਕਬਜ਼ੇ ਵਿੱਚੋਂ ਤਿੰਨ ਲੱਖ ਦੋ ਹਜ਼ਾਰ ਰੁਪਏ ਦੀ ਨਕਦੀ ਅਤੇ ਵਾਰਦਾਤ ਵਿੱਚ ਇਸਤੇਮਾਲ ਕੀਤਾ ਗਿਆ ਦਾਤਰ ਬਰਾਮਦ ਹੋਇਆਹੈ। ਉਨ੍ਹਾਂ ਦਸਿਆ ਕਿ ਅਜੇ ਇਨ੍ਹਾਂ ਦੇ ਦੋ ਸਾਥੀ ਵਿਕਰਮ ਸਿੰਘ ਉਰਫ ਟੀ ਟੀ ਅਤੇ ਗੁਰਮੀਤ ਸਿੰਘ ਦੀ ਗ੍ਰਿਫਤਾਰੀ ਦੇ ਲਈ ਛਾਪੇਮਾਰੀ ਕੀਤੀ ਜਾ ਰਹੀਹੈ।

# ਗਣਤੰਤਰ ਦਿਵਸ ਮਾਮਲੇ ਵਿੱਚ ਥਰੂਰ, ਸਰਦੇਸਾਈ ਅਤੇ ਹੋਰਨਾਂ ਦੀ ਗ੍ਰਿਫਤਾਰੀ ’ਤੇ ਰੋਕ ਲੱਗੀ




ਨਵੀਂ ਦਿੱਲੀ, 10 ਫਰਵਰੀ (ਪੋਸਟ ਬਿਊਰੋ)- ਸੁਪਰੀਮ ਕੋਰਟ ਨੇ ਕਾਂਗਰਸ ਪਾਰਟੀ ਦੇਪਾਰਲੀਮੈਂਟ ਮੈਂਬਰ ਸ਼ਸ਼ੀ ਥਰੂਰ ਅਤੇ ਸੀਨੀਅਰ ਪੱਤਰਕਾਰ ਰਾਜਦੀਪ ਸਰਦੇਸਾਈ ਸਣੇ ਛੇ ਪੱਤਰਕਾਰਾਂ ਨੂੰ ਗੁੰਮਰਾਹਕੁਨ ਟਵੀਟ ਕਰਨ ਦੇ ਕੇਸ ਵਿੱਚ ਗ੍ਰਿਫਤਾਰੀ ਤੋਂ ਰਾਹਤ ਦੇ ਦਿੱਤੀ ਹੈ। ਗਣਤੰਤਰ ਦਿਵਸ ਵਾਲੇ ਦਿਨ ਕਿਸਾਨ ਟਰੈਕਟਰ ਪਰੇਡ ਦੌਰਾਨ ਹੋਈ ਹਿੰਸਾ ਬਾਰੇ ਟਵੀਟ ਕਰਨ 'ਤੇ ਦਰਜ ਕੇਸ ਦੇ ਮਾਮਲੇ ਵਿੱਚ ਸੁਪਰੀਮ ਕੋਰਟ ਨੇ ਇਨ੍ਹਾਂ ਦੀ ਗ੍ਰਿਫਤਾਰੀ 'ਤੇ ਰੋਕ ਲਾਈ ਹੈ।

ਚੀਫ ਜਸਟਿਸ ਐਸ ਏ ਬੋਬੜੇ ਦੀ ਅਗਵਾਈ ਵਾਲੇ ਬੈਂਚ ਨੇ ਨੋਟਿਸ ਜਾਰੀ ਕਰ ਕੇ ਕੇਂਦਰ ਸਰਕਾਰ ਅਤੇ ਹੋਰਨਾਂ ਤੋਂ ਇਸ ਕੇਸ ਵਿੱਚ ਜਵਾਬ ਮੰਗਿਆ ਹੈ। ਇਸ ਮਾਮਲੇ ਵਿੱਚ ਥਰੂਰ, ਸਰਦੇਸਾਈ ਅਤੇ ਪੱਤਰਕਾਰ ਮ੍ਰਿਣਾਲ ਪਾਂਡੇ, ਜ਼ਫ਼ਰ ਆਗਾ, ਪਾਰੇਸ਼ਨਾਥ, ਵਿਨੋਦ ਕੇ ਜੋਸ ਅਤੇ ਆਨੰਤ ਨਾਥ ਨੇ ਪਟੀਸ਼ਨ ਦਾਇਰ ਕੀਤੀ ਸੀ। ਅਦਾਲਤ ਵੱਲੋਂ ਨੋਟਿਸ ਜਾਰੀ ਕਰਨ ਮੌਕੇ ਸ਼ਸ਼ੀ ਥਰੂਰ ਵੱਲੋਂ ਪੇਸ਼ ਹੋਏ ਸੀਨੀਅਰ ਵਕੀਲ ਕਪਿਲ ਸਿੱਬਲ ਨੇ ਕਿਹਾ ਕਿ ਇਨ੍ਹਾਂ ਖਿਲਾਫ ਕਿਸੇ ਵੀ ਸਖਤ ਕਾਰਵਾਈ ਉਤੇ ਰੋਕ ਲਗਾਈ ਜਾਵੇ। ਇਸ ਉਤੇ ਬੈਂਚ ਨੇ ਕਿਹਾ, ‘ਕੁਝ ਨਹੀਂ ਹੋਵੇਗਾ, ਖਤਰਾ ਕਿੱਥੇ ਹੈ।’ ਸਿੱਬਲ ਨੇ ਕਿਹਾ ਕਿ ਸਾਲਿਸਿਟਰ ਜਨਰਲ ਤੁਸ਼ਾਰ ਮਹਿਤਾ ਦਿੱਲੀ ਪੁਲਸ ਵੱਲੋਂ ਪੇਸ਼ ਹੋਏ ਹਨ, ਜੇ ਦੂਜੇ ਰਾਜਾਂ ਦੀ ਪੁਲਸ ‘ਹੋਰਨਾਂ ਦੇ ਘਰ ਪਹੁੰਚ ਕੇ ਕਾਰਵਾਈ ਕਰੇ ਤਾਂ ਫੇਰ ਕੀ ਹੋਵ-ੇਗਾ।’ ਇਸ ਕਰ ਕੇ ਬਚਾਅ ਲਈ ਹੁਕਮ ਦਿੱਤੇ ਜਾਣ। ਅਦਾਲਤ ਨੇ ਮਹਿਤਾ ਨੂੰ ਪੁੱਛਿਆ ਕਿ ‘ਕੀ ਪੁਲਸ ਸ਼ਸ਼ੀ ਥਰੂਰ ਅਤੇ ਹੋਰਾਂ ਨੂੰ ਗ੍ਰਿਫਤਾਰ ਕਰਨ ਦੀ ਤਿਆਰੀ ਕਰ ਰਹੀ ਹੈ?’ਤੁਸ਼ਾਰ ਮਹਿਤਾ ਨੇ ਕਿਹਾ ‘ਖਤਰਨਾਕ ਟਵੀਟ ਕੀਤੇ ਗਏ ਹਨ। ਅਸੀਂ ਦਿਖਾ ਸਕਦੇ ਹਾਂ ਕਿ ਲੱਖਾਂ ਫਾਲੋਅਰਜ਼ ਉਤੇ ਇਨ੍ਹਾਂ ਦਾ ਕੀ ਪ੍ਰਭਾਵ ਪਿਆ ਹੋਵੇਗਾ।’ ਸਾਲਿ-ਸਿਟਰ ਜਨਰਲ ਨੇ ਅਦਾਲਤ ਨੂੰ ਬੇਨਤੀ ਕੀਤੀ ਕਿ ਭਲਕੇ ਸੁਣਵਾਈ ਕੀਤੀ ਜਾਵੇ। ਉਨ੍ਹਾਂ ਕਿਹਾ ਕਿ ਉਹ ਸਾਰੇ ਸਬੰਧਤ ਰਾਜਾਂ ਵੱਲੋਂ ਪੇਸ਼ ਹੋਣਗੇ। ਅਦਾਲਤ ਨੇ ਮਾਮਲੇ ਦੀ ਸੁਣਵਾਈ ਦੋ ਹਫਤੇ ਬਾਅਦ ਤੈਅ ਕੀਤੀ ਹੈ।

ਵਰਨਣ ਯੋਗ ਹੈ ਕਿ 26 ਜਨਵਰੀ ਨੂੰ ਇੱਕ ਵਿਅਕਤੀ ਨੂੰ ਗੋਲੀ ਮਾਰਨ ਨਾਲ ਜੁੜੀ ਰਿਪੋਰਟ ਬਾਰੇ ਟਵੀਟ ਕੀਤੇ ਗਏ ਸਨ। ਤੀਹ ਜਨਵਰੀ ਨੂੰ ਦਿੱਲੀ ਪੁਲਸ ਨੇ ਥਰੂਰ, ਸਰਦੇਸਾਈ ਤੇ ਹੋਰਾਂ ਖਿਲਾਫ ਕੇਸ ਦਰਜ ਕੀਤਾ ਸੀ। ਮੱਧ ਪ੍ਰਦੇਸ਼ ਪੁਲਸ ਨੇ ਵੀ ਇਨ੍ਹਾਂ ਉੱਤੇ ਇਸ ਤਰ੍ਹਾਂ ਦਾ ਕੇਸ ਦਰਜ ਕੀਤਾ ਹੈ।

# ਅੰਦੋਲਨ ਦੀ ਤਾਕਤ ਬਣ ਰਹੀਆਂ ਨੇ ਦਿੱਲੀ ਦੀਆਂ ਸਥਾਨਕ ਔਰਤਾਂ



ਨਵੀਂ ਦਿੱਲੀ, 10 ਫਰਵਰੀ (ਪੋਸਟ ਬਿਊਰੋ)- ਕਿਸਾਨ ਅੰਦੋਲਨ ਵਿੱਚ ਉਤਰ ਪ੍ਰਦੇਸ਼ੇ ਉਤਰਾਖੰਡ ਤੋਂ ਆਉਣ ਵਾਲੀਆਂ ਔਰਤਾਂ ਦੀ ਹਿੱਸੇਦਾਰੀ ਪਹਿਲਾਂ ਦੇ ਮੁਕਾਬਲੇ ਘੱਟ ਨਜ਼ਰ ਆ ਰਹੀ ਹੈ। ਅੱਜਕੱਲ੍ਹ ਜ਼ਿਆਦਾਤਰ ਔਰਤਾਂ ਦਿਨ ਵੇਲੇ ਆਉਂਦੀਆਂ ਹਨ ਅਤੇ ਸ਼ਾਮ ਨੂੰ ਚਲੀਆਂ ਜਾਂਦੀਆਂ ਹਨ। ਉਥੋਂ ਦੀਆਂ ਸਥਾਨਕ ਔਰਤਾਂ ਕਿਸਾਨ ਅੰਦੋਲਨ ਦੀ ਤਾਕਤ ਬਣ ਰਹੀਆਂ ਹਨ, ਜਿਸ ਤੋਂ ਹਰ ਕੋਈ ਉਤਸ਼ਾਹ ਵਿੱਚ ਹੈ। ਧਰਨੇ ਵਾਲੀ ਥਾਂ 'ਤੇ ਸਬਜ਼ੀ ਕੱਟ ਰਹੀ ਗਾਜ਼ੀਆਬਾਦ ਦੀ ਵਾਸੀ ਮਮਤਾ ਨੇ ਦਸਿਆ ਕਿ ਨੈਸ਼ਨਲ ਕੈਪੀਟਲ ਰੀਜਨ (ਐਨ ਸੀ ਆਰ) ਤੋਂ ਔਰਤਾਂ ਭਾਰੀ ਗਿਣਤੀ ਵਿੱਚ ਉਥੇ ਆ ਰਹੀਆਂ ਹਨ, ਪਰ ਸ਼ਾਮ ਨੂੰ ਆਪਣੇ ਘਰ ਚਲੀਆਂ ਜਾਂਦੀਆਂ ਹਨ। ਧਰਨੇ ਵਾਲੀ ਥਾਂ ਬਣਿਆ ਮਹਿਲਾ ਬਲਾਕ ਅਤੇ ਟੈਂਟ ਖਾਲੀ ਦਿਖਾਈ ਦੇਣ ਲੱਗਾ ਹੈ। ਪਹਿਲਾਂ ਕੜਾਕੇ ਦੀ ਠੰਡ ਵਿੱਚ ਜਿੱਥੇ ਔਰਤਾਂ ਦੀ ਲੰਮੀ ਲਾਈਨ ਦਿਖਾਈ ਦਿੰਦੀ ਸੀ, ਅੱਜਕੱਲ੍ਹ ਟੈਂਟ ਦੇ ਅੰਦਰ ਕਦੇ-ਕਦੇ 4-5 ਔਰਤਾਂ ਹੀ ਨਜ਼ਰ ਆਉਂਦੀਆਂ ਹਨ।ਦਿੱਲੀ ਦੇ ਉਤਮ ਨਗਰ ਦੀ ਵਸਨੀਕ ਰੀਨਾ ਚੌਹਾਨ ਨੇ ਦਸਿਆ ਕਿ ਉਹ 2 ਹਫ਼ਤਿਆਂ ਤੋਂ ਲਗਾਤਾਰ ਇੱਥੇ ਆ ਰਹੀ ਅਤੇ ਲੰਗਰ ਵਿੱਚ ਸੇਵਾ ਨਿਭਾਅ ਰਹੀ ਹੈ। ਅੱਜਕੱਲ੍ਹ ਖੇਤੀ ਦਾ ਸਮਾਂ ਹੈ, ਸ਼ਾਇਦ ਇਸੇ ਕਾਰਨ ਔਰਤਾਂ ਅੰਦੋਲਨ ਵਿੱਚ ਘੱਟ ਆ ਰਹੀਆਂ ਹਨ। ਦਿੱਲੀ ਦੇ ਤ੍ਰਿਲੋਕਪੁਰੀ ਤੋਂ ਸੱਤ ਔਰਤਾਂ ਦੀ ਟੀਮ ਧਰਨੇ ਵਾਲੀ ਥਾਂ 'ਤੇ ਲੱਗਭਗ ਦੋ ਮਹੀਨਿਆਂ ਤੋਂ ਰੋਜ਼ ਆ ਰਹੀ ਹੈ। ਤ੍ਰਿਲੋਕਪੁਰੀ ਦੀ ਵਸਨੀਕ ਆਸ਼ਾ ਦਾ ਕਹਿਣਾ ਹੈ ਕਿ ਜਦੋਂ ਤੱਕ ਇਹ ਅੰਦੋਲਨ ਚੱਲੇਗਾ, ਉਹ ਇੱਥੇ ਆਉਂਦੀ ਰਹੇਗੀ। ਤਿਲਕ ਨਗਰ, ਪਾਂਡਵ ਨਗਰ, ਦੁਆਰਕਾ, ਉਤਮ ਨਗਰ, ਪਾਲਮ ਆਦਿ ਤੋਂ ਭਾਰੀ ਗਿਣਤੀ ਵਿੱਚ ਔਰਤਾਂ ਗਰੁੱਪ ਬਣਾ ਕੇ ਧਰਨੇ ਵਾਲੀ ਥਾਂ 'ਤੇ ਪਹੁੰਚਦੀਆਂ ਹਨ ਅਤੇ ਲੰਗਰ ਵਿੱਚ ਸੇਵਾ ਨਿਭਾਉਂਦੀਆਂ ਹਨ।

## ਬਲਾਗਰ ਰਿਹਾਨਾ ਫਾਤਿਮਾ ਨੂੰ ਸੁਪਰੀਮ ਕੋਰਟ ਤੋਂ ਰਾਹਤ ਮਿਲੀ



ਨਵੀਂ ਦਿੱਲੀ, 10 ਫਰਵਰੀ (ਪੋਸਟ ਬਿਊਰੋ)- ਕੇਰਲ ਦੀ ਬਲਾਗਰ ਅਤੇ ਐਕਟਿਵਿਸਟ ਰਿਹਾਨਾ ਫਾਤਿਮਾ ਨੂੰ ਸੁਪਰੀਮ ਕੋਰਟ ਤੋਂ ਰਾਹਤ ਮਿਲ ਗਈ ਹੈ। ਸੁਪਰੀਮ ਕੋਰਟ ਨੇ ਹਾਈ ਕੋਰਟ ਦੇ ਉਸ ਨੂੰ ਆਦੇਸ਼ 'ਤੇ ਰੋਕ ਲਾ ਦਿੱਤੀ, ਜਿਸ ਵਿੱਚ ਫਾਤਿਮਾ 'ਤੇ ਸੋਸ਼ਲ ਮੀਡੀਆ ਉਤੇ ਕੋਈ ਵੀ ਸਮਾਗਰੀ ਪਾਉਣ ਦੀ ਪਾਬੰਦੀ ਲਾਈ ਗਈ ਸੀ।

ਇਸ ਮੌਕੇ ਸੁਪਰੀਮ ਕੋਰਟ ਨੇ ਰਿਹਾਨਾ ਫਾਤਿਮਾ ਨੂੰ ਹਿਦਾਇਤ ਦਿੱਤੀ ਕਿ ਧਾਰਮਿਕ ਭਾਵਨਾਵਾਂ ਨੂੰ ਸੱਟ ਮਾਰਨ ਵਾਲੀ ਕੋਈ ਪੋਸਟ ਅਪਲੋਡ ਨਾ ਕਰੇ। ਫਾਤਿਮਾ ਨੇ ਖਾਣੇ ਦੀ ਰੈਸਿਪੀ ਦੱਸਦੇ ਹੋਏ ਇੱਕ ਸ਼ੋਅ ਦੇ ਦੌਰਾਨ ਵਾਰ-ਵਾਰ ਮਾਸ ਦੇ ਲਈ ਗਊ-ਮਾਤਾ ਸ਼ਬਦ ਦਾ ਇਸਤੇਮਾਲ ਕੀਤਾ ਸੀ।ਉਸ ਨੇ ਇਸ ਨਾਲ ਜੁੜੇ ਵੀਡਿਓ ਨੂੰ ਸੋਸ਼ਲ ਮੀਡੀਆ ਉਤੇ ਵੀ ਅਪਲੋਡ ਕੀਤਾ ਸੀ। ਰਿਹਾਨਾ ਫਾਤਿਮਾ ਨੇ ਵੀਡੀਓ ਵਿੱਚ ਕਈ ਵਾਰ ਇਸ ਗੱਲ ਦਾ ਜ਼ਿਕਰ ਕੀਤਾ ਕਿ ਉਹ ‘ਗਊ-ਮਾਤਾ' ਦਾ ਮਾਸ ਪਕਾ ਰਹੀ ਹੈ, ਜਿਸ ਦੇ ਬਾਅਦ ਪੁਲਸ ਨੇ ਉਸਖ਼ਿਲਾਫ਼ ਸੈਕਸ਼ਨ 153 ਦਾ ਕੇਸ ਦਰਜ ਕੀਤਾ ਸੀ। ਇਸ ਮਾਮਲੇ ਵਿੱਚ ਹਾਈਕੋਰਟ ਨੇ ਆਪਣੇ ਆਦੇਸ਼ ਵਿੱਚ ਸਪੱਸ਼ਟ ਕੀਤਾ ਸੀ ਕਿ ਇਸ ਤੋਂ ਲਗਦਾ ਹੈ ਕਿ ਜਿਵੇਂ ਗਲਤ ਉਦੇਸ਼ ਦੇ ਨਾਲ ਇਸ ਸ਼ਬਦ ਦਾ ਇਸਤੇਮਾਲ ਕੀਤਾ ਗਿਆ ਹੈ। ਹਾਈਕੋਰਟ ਨੇ ਰਿਹਾਨਾ ਫਾਤਿਮਾ ਉਤੇ ਸੋਸ਼ਲ ਮੀਡੀਆ ਉਤੇ ਆਪਣੇ ਵਿਚਾਰਾਂ ਦੇਪ੍ਰਗਟਾਵੇ 'ਤੇ ਰੋਕ ਲੱਗਾ ਦਿੱਤੀ ਸੀ।

## ਸ਼ਹਿਤੂਤ ਡੈਮ ਬਾਰੇ ਭਾਰਤ ਅਤੇ ਅਫ਼ਗਾਨਿਸਤਾਨ ਵਿਚਾਲੇ ਸਮਝੌਤਾ



ਨਵੀਂ ਦਿੱਲੀ, 10 ਫਰਵਰੀ (ਪੋਸਟ ਬਿਊਰੋ)- ਅਫ਼ਗਾਨਿਸਤਾਨ ਤੇ ਭਾਰਤ ਵਿਚਾਲੇ ਕੱਲ੍ਹ ਵਰਚੁਅਲ ਸੰਮੇਲਨ 'ਚ ਇੱਕ ਅਹਿਮ ਸਮਝੌਤਾ ਕੀਤਾ ਗਿਆ। ਇਸ ਦੇ ਤਹਿਤ ਭਾਰਤ ਕਾਬਲ ਦੀ ਨਦੀ 'ਤੇ ਸ਼ਹਿਤੂਤ ਬੰਨ੍ਹ ਬਣਾਵੇਗਾ, ਜਿਸ ਨਾਲ ਉਥੋਂ ਦੇ ਲੋਕਾਂ ਨੂੰ ਆਸਾਨੀ ਨਾਲ ਸਾਫ਼ ਪਾਣੀ ਦੇ ਨਾਲ ਸਿੰਚਾਈ ਲਈ ਆਸਾਨੀ ਨਾਲ ਪਾਣੀ ਮਿਲ ਸਕੇਗਾ। ਇਸ ਲਈ ਭਾਰਤ ਅਫ਼ਗਾਨਿਸਤਾਨ ਦੇ ਵਿਦੇਸ਼ ਮੰਤਰੀਆਂ ਨੇ ਸਮਝੌਤੇ 'ਤੇ ਦਸਤਖ਼ਤ ਕਰ ਦਿੱਤੇ।

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਿਹਾ ਸਾਨੂੰ ਇਸ ਦੀ ਖ਼ੁਸ਼ੀ ਹੈ ਕਿ ਸ਼ਹਿਤੂਤ ਡੈਮ ਬਣਨ ਨਾਲ ਕਾਬੁਲ ਦੇ ਲੋਕਾਂ ਨੂੰ ਪੀਣ ਵਾਲਾ ਪਾਣੀ ਤੇ ਸਿੰਚਾਈ ਲਈ ਪਾਣੀ ਦੀ ਸਹੂਲਤ ਮਿਲੇਗੀ। ਅਫ਼ਗਾਨਿਸਤਾਨ ਦੇ ਰਾਸ਼ਟਰਪਤੀ ਗਨੀ ਨੇ ਇਸ ਸਮਝੌਤੇ 'ਤੇ ਖ਼ੁਸ਼ੀ ਜਾਹਿਰ ਕੀਤੀ ਅਤੇ ਕਿਹਾ ਕਿ‘ਸ਼ਹਿਤੂਤ ਰਿਜਰਵਾਇਰ ਨਾਲ ਅਸੀਂ ਕੁਦਰਤੀ ਸੁੰਦਰਤਾ ਬਹਾਲ ਕਰਨ ਦੇ ਟੀਚੇ ਨੂੰ ਪੂਰਾ ਕਰ ਸਕਾਂਗੇ। ਮੈਂ ਪ੍ਰਧਾਨ ਮੰਤਰੀ ਮੋਦੀ ਨੂੰ ਵੈਕਸੀਨ ਤੇ ਜਲ ਦੇ ਤੋਹਫੇ ਲਈ ਧੰਨਵਾਦ ਕਰਦਾ ਹਾਂ।’

ਇਸ ਬਾਰੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਅਫ਼ਗਾਨਿਸਤਾਨੀ ਰਾਸ਼ਟਰਪਤੀ ਅਸ਼ਰਫ ਗਨੀ ਨੇ ਕੱਲ੍ਹ ਵਰਚੁਅਲ ਸੰਮੇਲਨ 'ਚ ਹਿੱਸਾ ਲਿਆ ਅਤੇ ਗੱਲਬਾਤ ਕੀਤੀ। ਦੋਵਾਂ ਦੇਸ਼ਾਂ ਦੇ ਉਚ ਆਗੂਆਂ ਤੋਂ ਇਲਾਵਾ ਇਸ ਵਰਚੁਅਲ ਬੈਠਕ 'ਚ ਭਾਰਤੀ ਵਿਦੇਸ਼ ਮੰਤਰੀ ਐਸ ਜੈਸ਼ਕਰ ਤੇ ਉਨ੍ਹਾਂ ਦੇ ਅਫ਼ਗਾਨੀ ਵਿਦੇਸ਼ ਮੰਤਰੀ ਮੁਹੰਮਦ ਹਨੀਫ ਅਤਮਰ ਵੀ ਮੌਜੂਦ ਸਨ।

# ਸੋਨੀਪਤ ਦੀ ਔਰਤ ਨੇ ਉਤਰ ਪ੍ਰਦੇਸ਼ ਦੇ ਜੱਜ ਤੋਂ 10 ਲੱਖ ਦੀ ਫਿਰੌਤੀ ਮੰਗੀ



ਚੰਡੀਗੜ੍ਹ, 10 ਫਰਵਰੀ (ਪੋਸਟ ਬਿਊਰੋ)- ਹਰਿਆਣੇ ਦੇ ਸੋਨੀਪਤ ਜ਼ਿਲ੍ਹੇ ਦੀ ਇੱਕ ਔਰਤ ਨੇ ਫੇਸਬੁੱਕ 'ਤੇ ਦੋਸਤੀ ਤੋਂ ਬਾਅਦ ਇੱਕ ਜੱਜ ਤੋਂ ਫਿਰੌਤੀ ਮੰਗ ਲਈ। ਔਰਤ ਨੇ ਜੱਜ ਤੋਂ 10 ਲੱਖ ਰੁਪਏ ਦੀ ਮੰਗ ਕੀਤੀ ਅਤੇ ਰੁਪਏ ਨਾ ਦੇਣ ਦੀ ਸੂਰਤ ਵਿੱਚ ਉਸ ਖ਼ਿਲਾਫ਼ ਰੇਪ ਦਾ ਮਾਮਲਾ ਦਰਜ ਕਰਵਾਉਣ ਦੀ ਧਮਕੀ ਦੇ ਦਿੱਤੀ।

ਸੰਬੰਧਤ ਜੱਜ ਦੀ ਮਾਂ ਨੇ ਬਲੈਕਮੇਲਰ ਔਰਤ ਦੇ ਖ਼ਿਲਾਫ਼ ਹਰਿਆਣਾ ਰਾਜ ਮਹਿਲਾ ਕਮਿਸ਼ਨ ਤੱਕ ਪਹੁੰਚ ਕੀਤੀ ਤੇ ਕਿਹਾ ਕਿ ਇਹ ਉਹੀ ਔਰਤ ਹੈ, ਜਿਸ ਨੇ ਤਿੰਨ ਸਾਲ ਪਹਿਲਾਂ ਪੱਛਮੀ ਬੰਗਾਲ ਦੇ ਆਈ ਪੀ ਐਸ ਅਧਿਕਾਰੀ ਅਤੇ ਪੰਜਾਬ ਦੇ ਇੱਕ ਡੀ ਐਸ ਪੀ ਨੂੰ ਫਿਰੌਤੀ ਲਈ ਪ੍ਰੇਸ਼ਾਨ ਕੀਤਾ ਸੀ। ਜੱਜ ਦੀ ਮਾਂ ਨੇ ਕਮਿਸ਼ਨ ਨੂੰ ਗੁਹਾਰ ਗਾਈ ਕਿ ਉਕਤ ਔਰਤ ਨੂੰ ਕਮਿਸ਼ਨ ਦੇ ਦਫ਼ਤਰ ਵਿੱਚ ਬੁਲਾ ਕੇ ਪੁੱਛਗਿੱਛ ਕਰਕੇ ਉਸ ਖ਼ਿਲਾਫ਼ ਕਾਰਵਾਈ ਕੀਤੀ ਜਾਵੇ। ਜੱਜ ਦੀ ਮਾਂ ਨੇ ਕਮਿਸ਼ਨ ਨੂੰ ਲਿਖਤੀ ਸ਼ਿਕਾਇਤ ਭੇਜੀ ਅਤੇ ਕਿਹਾ ਹੈ ਕਿ ਉਸ ਦਾ ਪਰਵਾਰ ਉਤਰ ਪ੍ਰਦੇਸ਼ ਨਾਲ ਸਬੰਧਤ ਹੈ। ਉਸ ਦਾ ਪੁੱਤਰ ਯੂ ਪੀ ਵਿੱਚ ਜੱਜ ਹੈ ਅਤੇ ਫੇਸਬੁੱਕ 'ਤੇ ਦੋਸਤੀ ਰਾਹੀਂ ਉਸ ਦੀ ਹਰਿਆਣੇ ਦੀ ਲੜਕੀ ਨਾਲ ਮੁਲਾਕਾਤ ਹੋਈ ਸੀ। ਔਰਤ ਨੇ ਉਸ ਦੇ ਬੇਟੇ ਨੂੰ ਮਿਲਣ ਲਈ ਹੋਟਲ ਬੁਲਾਇਆ ਅਤੇ ਵਿਆਹ ਕਰਨ ਦਾ ਦਬਾਅ ਪਾਇਆ। ਜੱਜ ਦੀ ਮਾਂ ਨੇ ਕਿਹਾ ਕਿ ਲੜਕੀ ਦੀਮਾਂ ਦੀ ਮੌਤ ਕਾਰਨ ਵਿਆਹ ਤੁਰੰਤ ਨਹੀਂ ਕੀਤਾ ਜਾ ਸਕਦਾ ਸੀ, ਇਸ ਲਈ ਬੇਟੇ ਨੇ ਔਰਤ ਨੂੰ ਸਮਝਾਇਆ ਕਿ ਕੁਝ ਦਿਨਾਂ ਬਾਅਦ ਵਿਆਹ ਕਰ ਲਵੇਗਾ, ਪਰ ਲੜਕੀ ਨੇ ਕੋਈ ਗੱਲ ਨਹੀਂ ਸੁਣੀ ਅਤੇ ਕਿਹਾ ਕਿ ਜੇ ਕੇਸ ਨਿਪਟਾਉਣਾ ਹੈ ਤਾਂ ਉਸ ਨੂੰ 10 ਲੱਖ ਰੁਪਏ ਦੇ ਦੇਵੋਂ ਨਹੀਂ ਤਾਂ ਉਹ ਰੇਪ ਦਾ ਮਾਮਲਾ ਦਰਜ ਕਰਵਾ ਦੇਵੇਗੀ। ਜੱਜ ਦੀ ਮਾਂ ਨੇ ਕਿਹਾ ਕਿ ਜਦੋਂ ਲੜਕੀ ਨੇ ਲੱਖਾਂ ਰੁਪਏ ਦੀ ਮੰਗ ਕੀਤੀ ਤਾਂ ਪੜਤਲਾ ਦੌਰਾਨ ਪਤਾ ਲੱਗਾ ਕਿ ਇਹ ਲੜਕੀ ਪਹਿਲਾਂ ਵੀ ਕਈ ਅਧਿਕਾਰੀਆਂ ਨੂੰ ਪਿਆਰ ਦੇ ਝੂਠੇ ਜਾਲ ਵਿੱਚ ਫਸਾ ਚੁੱਕੀ ਹੈ। ਇਹ ਫੇਸਬੁੱਕ 'ਤੇ ਵੱਖ-ਵੱਖ ਨਾਵਾਂ ਦਾ ਅਕਾਊਂਟ ਬਣਾਉਂਦੀ ਅਤੇ ਹਰ ਨਵੇਂ ਸ਼ਿਕਾਰ ਨੂੰ ਨਵੇਂ ਨਾਂ ਨਾਲ ਫਸਾਉਂਦੀਹੈ। ਜੱਜ ਦੀ ਮਾਂ ਦਾ ਕਹਿਣਾ ਹੈ ਕਿ ਇਹ ਤਾਂ ਕੁਝ ਮਾਮਲੇ ਹਨ, ਜਿਨ੍ਹਾਂ ਦੀ ਉਸ ਨੂੰ ਜਾਣਕਾਰੀ ਮਿਲੀ ਹੈ, ਅਜਿਹੇ ਕਈ ਮਾਮਲੇ ਹੋਣਗੇ, ਜਿਨ੍ਹਾਂ ਦੀ ਉਸ ਨੂੰ ਵੀ ਜਾਣਕਾਰੀ ਨਹੀਂ ਹੈ। ਇਸ ਔਰਤ ਕਾਰਨ ਉਸ ਦੇ ਪਰਵਾਰ ਨੂੰ ਮਾਨਸਿਕ ਤਣਾਅ ਦਾ ਸਾਹਮਣਾ ਕਰਨਾ ਪਿਆ ਹੈ।

## ਅਮਿਤ ਸ਼ਾਹ ਨੇ ਟੈਗੋਰ ਦੀ ਕੁਰਸੀ 'ਤੇ ਬੈਠਣ ਬਾਰੇ ਅਧੀਰ ਰੰਜਨ ਦੇ ਬਿਆਨ ਨੂੰ ਝੂਠਾ ਦਸਿਆ

ਨਵੀਂ ਦਿੱਲੀ, 10 ਫਰਵਰੀ (ਪੋਸਟ ਬਿਊਰੋ)- ਭਾਜਪਾ ਦੇ ਸੀਨੀਅਰ ਆਗੂ ਅਤੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਕੱਲ੍ਹ ਲੋਕਸਭਾ 'ਚ ਸਪੱਸ਼ਟ ਕੀਤਾ ਕਿ ਉਹ ਪੱਛਮੀ ਬੰਗਾਲ ਯਾਤਰਾ ਦੌਰਾਨ ਰਬਿੰਦਰ ਨਾਥ ਟੈਗੋਰ ਦੀ ਕੁਰਸੀ 'ਤੇ ਨਹੀਂ ਬੈਠੇ ਸਨ ਅਤੇ ਇਸ ਬਾਰੇ ਸਦਨ ਵਿੱਚ ਕਾਂਗਰਸੀ ਆਗੂ ਅਧੀਰ ਰੰਜਨ ਚੌਧਰੀ ਵੱਲੋਂ ਕੱਲ੍ਹ ਕੀਤੀ ਟਿੱਪਣੀ ਸੱਚ ਨਹੀਂ ਹੈ ਜਿਸ ਨੂੰ ਰਿਕਾਰਡ ਵਿੱਚੋਂ ਕੱਢ ਦੇਣਾ ਚਾਹੀਦਾ ਹੈ।

ਅਮਿਤ ਸ਼ਾਹ ਨੇ ਕਿਹਾ ਕਿ ਕਾਂਗਰਸੀ ਆਗੂ ਅਧੀਰ ਰੰਜਨ ਨੇ ਕਿਹਾ ਸੀ ਕਿ ਮੈਂ ਪੱਛਮੀ ਬੰਗਾਲ ਵਿੱਚ ਗੁਰੂਦੇਵ ਰਬਿੰਦਰ ਨਾਥ ਟੈਗੋਰ ਦੀ ਕੁਰਸੀ 'ਤੇ ਬੈਠਾ ਸੀ। ਗ੍ਰਹਿ ਮੰਤਰੀ ਨੇ ਕਿਹਾ,‘‘ਮੈਂ ਉਸ ਸਮੇਂ ਟੋਕਣਾ ਨਹੀਂ ਚਾਹੁੰਦਾ ਸੀ, ਪਰ ਇਹ ਸੱਚ ਨਹੀਂ ਤੇ ਇਸ ਟਿਪਣੀ ਨੂੰ ਸਦਨ ਦੇ ਰਿਕਾਰਡ ਵਿੱਚ ਨਹੀਂ ਰੱਖਣਾ ਚਾਹੀਦਾ।'' ਸ਼ਾਹ ਨੇ ਕਿਹਾ ਕਿ ਉਨ੍ਹਾਂ ਕੋਲ ਵਿਸ਼ਵ ਭਾਰਤੀ ਦੇ ਵਾਈਸ ਚਾਂਸਲਰ ਦੀ ਚਿੱਠੀ ਹੈ, ਜਿਸ ਵਿੱਚ ਉਨ੍ਹਾਂ ਸਪੱਸ਼ਟ ਕੀਤਾ ਹੈ ਕਿ ਅਜਿਹੀ ਘਟਨਾ ਨਹੀਂ ਹੋਈ। ਉਨ੍ਹਾਂ ਕਿਹਾ ਕਿ ਉਥੇ ਇੱਕ ਜਗਾ ਹੈ, ਜਿਥੇ ਸਾਰਿਆਂ ਦੇ ਬੈਠਣ ਦਾ ਪ੍ਰਬੰਧ ਹੈ, ਇਹ ਉਥੇ ਦੀ ਤਸਵੀਰ ਹੈ। ਉਸ ਥਾਂ 'ਤੇ ਭਾਰਤ ਦੀ ਸਾਬਕਾ ਰਾਸ਼ਟਰਪਤੀ ਬੈਠ ਚੁੱਕੀ ਹੈ, ਪ੍ਰਣਬ ਮੁਖਰਜੀ ਬੈਠ ਚੁੱਕੇ ਹਨ, ਸਾਬਕਾ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਬੈਠੇ ਸਨ। ਉਨ੍ਹਾਂ ਕਿਹਾ ਕਿ ਮੈਂ ਉਸ ਕੁਰਸੀ 'ਤੇ ਨਹੀਂ ਬੈਠਿਆ ਪਰ ਮੇਰੇ ਕੋਲ ਦੋ ਤਸਵੀਰਾਂ ਹਨ, ਜਿਨ੍ਹਾਂ ਵਿੱਚੋਂ ਇੱਕ 'ਚ ਜਵਾਹਰ ਲਾਲ ਨਹਿਰੂ ਉਸ ਕੁਰਸੀ 'ਤੇ ਬੈਠੇ ਹਨ, ਜਿੱਥੇ ਟੈਗੋਰ ਬੈਠਦੇ ਸੀ। ਦੂਜੀ ਤਸਵੀਰ ਰਾਜੀਵ ਗਾਂਧੀ ਦੀ ਹੈ, ਜਿਸ ਵਿੱਚ ਉਹ ਟੈਗੋਰ ਸਾਹਿਬ ਦੇ ਸੋਫੇ 'ਤੇ ਬੈਠੇ ਹਨ।

## ਇਮਰਾਨ ਖਾਨ ਦੀ ਪਾਰਟੀ ਨੇ ਤਨਖ਼ਾਹਦਾਰ ਮੁਲਾਜ਼ਮਾਂ ਨੂੰ ਵਿਦੇਸ਼ੀ ਫੰਡ ਇਕੱਠਾ ਕਰਨ ਲਾਇਆ



ਇਸਲਾਮਾਬਾਦ, 10 ਫਰਵਰੀ (ਪੋਸਟ ਬਿਊਰੋ)- ਵਿਦੇਸ਼ੀ ਫੰਡਿੰਗ ਮਾਮਲੇ 'ਚ ਕੱਲ੍ਹ ਹੋਰ ਘਟਨਕ੍ਰਮ 'ਚ ਇੱਕ ਦਸਤਾਵੇਜ ਨੇ ਖੁਲਾਸਾ ਕੀਤਾ ਹੈ ਕਿ ਇਮਰਾਨ ਖਾਨ ਦੀ ਪਾਰਟੀ ਪਾਕਿਸਤਾਨ ਤਹਿਰੀਕ-ਏ-ਇਨਸਾਫ (ਪੀ ਟੀ ਆਈ) ਨੇ ਆਪਣੇ ਤਨਖ਼ਾਹ ਲੈਣ ਵਾਲੇ ਮੁਲਾਜ਼ਮਾਂ ਨੂੰ ਦੇਸ਼ ਅਤੇ ਵਿਦੇਸ਼ ਤੋਂ ਪਾਰਟੀ ਫੰਡ ਹਾਸਲ ਕਰਨ ਲਈ ਲਾਇਆ ਸੀ।

ਅਖਬਾਰ ‘ਡਾਨ’ ਕੋਲ ਮੌਜੂਦ ਦਸਤਾਵੇਜ ਤੋਂ ਮੁਲਾਜ਼ਮਾਂ ਦੇ ਨਾਵਾਂ ਦਾ ਪਤਾ ਲੱਗਾ ਹੈ।ਉਨ੍ਹਾਂ ਵਿੱਚ ਪੀ ਟੀ ਆਈ ਪਾਰਟੀ ਦਾ ਟੈਲੀਫੋਨ ਆਪ੍ਰੇਟਰ (ਤਾਹਿਰ ਇਕਬਾਲ), ਕੰਪਿਊਟਰ ਆਪ੍ਰੇਟਰ (ਮੁਹੰਮਦ ਨਾਊਮਨ ਅਫਜ਼ਲ), ਅਕਾਊਂਟੈਂਟ (ਮੁਹੰਮਦ ਅਰਸ਼ਦ) ਅਤੇ ਪੀ ਟੀ ਆਈ ਦਾ ਆਫਿਸ ਹੈਲਪਰ (ਮੁਹੰਮਦ ਰਫੀਕ) ਸ਼ਾਮਲ ਹਨ। ਪੀ ਟੀ ਆਈ ਮੁਲਾਜ਼ਮਾਂ ਨੂੰ ਫੰਡ ਇਕੱਠਾ ਕਰਨ ਦੀ ਇਜਾਜ਼ਤ ਦੇਣ ਦਾ ਫੈਸਲਾ 1 ਜੁਲਾਈ 2011 ਨੂੰ ਹੋਈ ਮੀਟਿੰਗ ਵਿੱਚ ਲਿਆ ਗਿਆ ਸੀ।

ਇਸ ਰਿਪੋਰਟ ਮੁਤਾਬਕ ਇਸ ਮੀਟਿੰਗ ਵਿੱਚ ਪੀ ਟੀ ਆਈ ਸੈਨੇਟ ਟਿਕਟ ਦੇ ਚਾਹਵਾਨ ਸੈਫੁਅਲਾਹ ਨਿਆਜੀ, ਮੌਜੂਦਾ ਜਨਰਲ ਸਕੱਤਰ ਅਤੇ ਸਾਬਕਾ ਸਿਹਤ ਮੰਤਰੀ ਆਮੇਰ ਮਹਿਮੂਦ ਕਿਆਨੀ, ਪਾਰਟੀ ਦੇ ਸਾਬਕਾ ਵਿੱਤ ਸਕੱਤਰ ਤੇ ਇਸ ਸਮੇਂ ਕਿਰਗਿਸਤਾਨ 'ਚ ਪਾਕਿਸਤਾਨ ਦੇ ਰਾਜਦੂਤ ਸਰਦਾਰ ਅਜ਼ਹਰ ਤਾਲਿਕ ਖਾਨ, ਕਰਨਲ ਯੂਰਸ ਅਲੀ ਰਾਜਾ ਅਤੇ ਤਾਰਿਕ ਆਰ ਸ਼ੇਖ ਸ਼ਾਮਲ ਸਨ। ਵਿਦੇਸ਼ੀ ਫੰਡਿੰਗ ਦਾ ਮਾਮਲਾ ਅਕਬਰ ਐਸ ਬਾਬਰ ਦੇ ਦੋਸ਼ਾਂ ਨਾਲ ਜੁੜਿਆ ਹੈ ਅਤੇ ਹੰਡੀ ਰਾਹੀ ਪੀ ਟੀ ਆਈ ਮੁਲਾਜ਼ਮਾਂ ਦੇ ਪ੍ਰਾਈਵੇਟ ਬੈਂਕ ਅਕਾਊਂਟਸ ਰਾਹੀਂ ਗੈਰ-ਕਾਨੂੰਨੀ ਵਿਦੇਸ਼ੀ ਫੰਡਿੰਗ ਹਾਸਲ ਕੀਤੀ ਗਈ ਸੀ, ਖਾਸ ਕਰ ਕੇ ਮਿਡਲ ਈਸਟ ਤੋਂ ਅਤੇ ਜਿਸਨੂੰ ਸੀਨੀਅਰ ਪਾਰਟੀ ਨੇਤਾਵਾਂ ਵੱਲੋਂ ਬਿਨਾਂ ਕਿਸੇ ਸੁਰਾਗ ਜਾਂ ਰਿਕਾਰਡ ਦੇ ਚੈਕਾਂ ਰਾਹੀਂ ਚੋਰੀ ਕੀਤਾ ਗਿਆ ਹੈ। ਬਾਬਰ ਪੀ ਟੀ ਆਈ ਦੇ ਮੋਢੀ ਮੈਂਬਰਾਂ ਵਿੱਚੋਂ ਇੱਕ ਹੈ। ਉਹ ਲਗਾਤਾਰ ਪਾਕਿਸਤਾਨ ਦੇ ਚੋਣ ਕਮਿਸ਼ਨ ਦੀ ਛਾਣਬੀਣ ਕਮੇਟੀ ਤੋਂ ਪੀ ਟੀ ਆਈ ਮੁਲਾਜ਼ਮਾਂ ਦੇ ਪ੍ਰਾਈਵੇਟ ਬੈਂਕ ਅਕਾਊਂਟਾਂ ਦੀ ਜਾਂਚ ਕਰਨ ਦੀ ਮੰਗ ਕਰਦੇ ਰਹੇ ਹਨ ਜਿਨ੍ਹਾਂ ਦੀ ਵਰਤੋਂ ਗੈਰ ਕਾਨੂੰਨੀ ਤੌਰ 'ਤੇ ਦਾਨ ਇਕੱਠਾ ਕਰਨ ਲਈ ਹੁੰਦੀ ਰਹੀ ਹੈ।

# ਮਿਆਂਮਾਰ ਵਿੱਚ ਪੁਲਸ ਦੀ ਗੋਲੀ ਨਾਲ 4 ਮੁਜਾਹਰਾਕਾਰੀ ਜ਼ਖਮੀ



ਯੰਗੂਨ, 10 ਫਰਵਰੀ (ਪੋਸਟ ਬਿਊਰੋ)- ਮਿਆਂਮਾਰ ਵਿੱਚ ਫੌਜੀ ਤਖਤਾ ਪਲਟ ਖਿਲਾਫ ਲੋਕਾਂ ਦਾ ਗੁੱਸਾ ਰੁਕਣ ਦਾ ਨਾਂਅ ਨਹੀਂ ਲੈ ਰਿਹਾ ਹੈ। ਨਵੀਂ ਫੌਜੀ ਸਰਕਾਰ ਨੇ ਅੰਦੋਲਨ ਨੂੰ ਦਬਾਉਣ ਦੇ ਯਤਨਾਂ ਵਿੱਚ ਦੇਸ਼ ਦੇ ਕਈ ਸ਼ਹਿਰਾਂ ਵਿੱਚ ਕਰਫਿਊ ਅਤੇ ਪ੍ਰਦਰਸ਼ਨਾਂ 'ਤੇ ਰੋਕ ਲਾ ਦਿੱਤੀ ਹੈ, ਇਸ ਦੇ ਬਾਵਜੂਦ ਕੱਲ੍ਹ ਹਜ਼ਾਰਾਂ ਲੋਕ ਸੜਕਾਂ 'ਤੇ ਉਤਰੇ ਅਤੇ ਤਖਤਾ ਪਲਟ ਖਿਲਾਫ ਪ੍ਰਦਰਸ਼ਨ ਕੀਤੇ। ਪੁਲਸ ਨੇ ਪ੍ਰਦਰਸ਼ਨਕਾਰੀਆਂ ਨੂੰ ਖਦੇੜਨ ਲਈ ਹਵਾ ਵਿੱਚ ਫਾਇਰਿੰਗ ਕਰਨ ਦੇ ਨਾਲ ਹੀ ਪਾਣੀ ਦੀਆਂ ਤੇਜ਼ ਬੌਛਾਰਾਂ ਅਤੇ ਰਬੜ ਦੀਆਂ ਗੋਲੀਆਂ ਦੀ ਵਰਤੋਂ ਕੀਤੀ। ਰਾਜਧਾਨੀ ਦੇ ਨੇਪਾਈ-ਤਾਅ ਇਲਾਕੇ ਵਿੱਚ ਰਬੜ ਦੀਆਂ ਗੋਲੀਆਂ ਨਾਲ ਚਾਰ ਲੋਕ ਜ਼ਖਮੀ ਹੋ ਗਏ। ਇੱਕ ਔਰਤ ਦੀ ਹਾਲਤ ਗੰਭੀਰ ਦੱਸੀ ਗਈ ਹੈ। ਮਿਆਂਮਾਰ ਦੇ ਦੂਜੇ ਸਭ ਤੋਂ ਵੱਡੇ ਸ਼ਹਿਰ ਮਾਂਡਲੇ ਵਿੱਚ ਇੱਕ ਪੱਤਰਕਾਰ ਸਮੇਤ 27 ਲੋਕਾਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ।

ਮੌਕੇ ਦੇ ਜਾਣਕਾਰਾਂ ਅਨੁਸਾਰ ਨੇਪਾਈ-ਤਾਅ ਵਿੱਚ ਲਗਾਤਾਰ ਚੌਥੇ ਦਿਨ ਵਿਰੋਧ ਪ੍ਰਦਰਸ਼ਨ ਹੋਏ ਅਤੇ ਇਨ੍ਹਾਂ ਨੂੰ ਖਦੇੜਨ ਲਈ ਪੁਲਸ ਨੇ ਹਵਾ ਵਿੱਚ ਰਬੜ ਦੀਆਂ ਗੋਲੀਆਂ ਚਲਾਈਆਂ ਅਤੇ ਪਾਣੀ ਦੀਆਂ ਤੇਜ਼ ਬੌਛਾਰਾਂ ਦੀ ਵਰਤੋਂ ਵੀ ਕੀਤੀ। ਮਿਆਂਮਾਰ ਦੇ ਸਭ ਤੋਂ ਵੱਡੇ ਸ਼ਹਿਰ ਯੰਗੂਨ ਵਿੱਚ ਲੋਕ ਕਰਫਿਊ ਅਤੇ ਇਕੱਠਾਂ 'ਤੇ ਲੱਗੀ ਰੋਕ ਦੀ ਪ੍ਰਵਾਹ ਕੀਤੇ ਬਿਨਾਂ ਸੜਕਾਂ 'ਤੇ ਉਤਰੇ। ਯੰਗੂਨ ਦੇ ਬਾਗੀ ਇਲਾਕੇ ਦਾ ਇੱਕ ਵੀਡੀਓ ਆਇਆ ਹੈ, ਜਿਸ ਵਿੱਚ ਪੁਲਸ ਨੂੰ ਵੱਡੀ ਗਿਣਤੀ ਵਿੱਚ ਜਮ੍ਹਾਂ ਹੋਏ ਲੋਕਾਂ ਨਾਲ ਜੂਝਦਿਆਂ ਦੇਖਿਆ ਗਿਆ। ਪੁਲਸ ਨੇ ਭੀੜ ਨੂੰ ਖਦੇੜਨ ਲਈ ਪਾਣੀ ਦੀਆਂ ਤੇਜ਼ ਬੌਛਾਰਾਂ ਦੀ ਵਰਤੋਂ ਕੀਤੀ। ਮਾਂਡਲੇ ਵਿੱਚ ਵੀ ਲੋਕਾਂ ਨੇ ਪਾਬੰਦੀਆਂ ਦੀ ਪ੍ਰਵਾਹ ਨਹੀਂ ਕੀਤੀ।

ਫੌਜੀ ਸਰਕਾਰ ਦੇ ਮੁਖੀ ਜਨਰਲ ਮਿਨ ਆਂਗ ਨੇ ਆਪਣੇ ਪਹਿਲੇ ਸੰਬੋਧਨ ਵਿੱਚ ਵਾਅਦਾ ਕੀਤਾ ਕਿ ਉਹ ਨਵੇਂ ਸਿਰੇ ਤੋਂ ਆਮ ਚੋਣਾਂ ਕਰਾਉਣਗੇ।ਉਨ੍ਹਾਂ ਨੇ ਤਖਤਾ ਪਲਟ ਨੂੰ ਜਾਇਜ਼ ਠਹਿਰਾਉਣ ਲਈ ਪਿਛਲੇ ਨਵੰਬਰ ਵਿੱਚ ਹੋਈ ਚੋਣ ਵਿੱਚ ਹੇਰਾਫੇਰੀ ਦੇ ਦੋਸ਼ ਲਾਏ। ਇਸ ਚੋਣ ਵਿੱਚ ਆਂਗ ਸਾਨ ਸੂ ਕੀ ਦੀ ਪਾਰਟੀ ਨੈਸ਼ਨਲ ਲੀਗ ਫਾਰ ਡੈਮੋਕ੍ਰੇਸੀ (ਐਨ ਐਲ ਡੀ) ਵੱਡੇ ਬਹੁਮਤ ਨਾਲ ਜਿੱਤੀ ਸੀ, ਪਰ ਹੇਰਾਫੇਰੀ ਦੇ ਦੋਸ਼ ਸਾਬਤ ਨਹੀਂ ਹੋਏ। ਮਿਆਂਮਾਰ ਦੀ ਫੌਜ ਇੱਕ ਫਰਵਰੀ ਨੂੰ ਐਨ ਐਲ ਡੀ ਸਰਕਾਰ ਨੂੰ ਸੱਤਾ ਤੋਂ ਲਾਂਭੇ ਕਰ ਕੇ ਸੱਤਾ 'ਤੇ ਕਾਬਜ਼ ਹੋ ਗਈ ਸੀ। ਦੇਸ਼ ਦੀ ਸਰਬਉਚ ਨੇਤਾ ਆਂਗ ਸਾਨ ਸੂ ਕੀ ਸਮੇਤ ਕਈ ਚੋਟੀ ਦੇ ਆਗੂਆਂ ਨੂੰ ਹਿਰਾਸਤ ਵਿੱਚ ਲੈ ਲਿਆ ਗਿਆ। ਇਸ ਪਿੱਛੋਂ ਵੀ ਵਿਰੋਧ ਪ੍ਰਦਰਸ਼ਨਾਂ ਦਾ ਦੌਰ ਜਾਰੀ ਹੈ।ਅਮਰੀਕੀ ਵਿਦੇਸ਼ ਵਿਭਾਗ ਨੇ ਮਿਆਂਮਾਰ ਵਿੱਚ ਲੋਕਤੰਤਰਿਕ ਤਰੀਕੇ ਨਾਲ ਚੁਣੀ ਸਰਕਾਰ ਨੂੰ ਬਹਾਲ ਕਰਨ ਦੀ ਮੰਗਕੀਤੀ ਹੈ ਅਤੇ ਕਿਹਾ ਕਿ ਅਮਰੀਕਾ ਇਸ ਏਸ਼ੀਆਈ ਦੇਸ. ਦੇ ਚੁਣੇ ਪ੍ਰਤੀਨਿਧੀਆਂ ਨਾਲ ਖੜ੍ਹਾ ਹੈ। ਇਸ ਦੌਰਾਨ, ਯੂ ਐਨ ਮੁਖੀ ਐਂਟੋਨੀਓ ਗੁਤਰਸ ਨੇ ਏਸ਼ੀਆਈ ਦੇਸ਼ਾਂ ਦੇ ਨੇਤਾਵਾਂ ਨਾਲ ਸੰਪਰਕ ਕਾਇਮ ਕਰਨਾ ਸ਼ੁਰੂ ਕਰ ਦਿੱਤਾ ਹੈ ਤਾਂ ਕਿ ਚੁਣੀ ਸਰਕਾਰ ਦੀ ਮੁੜ ਬਹਾਲੀ ਹੋ ਸਕੇ।

# ਬ੍ਰਿਟੇਨ ਦੇ 200 ਟੀਚਰ ਚੀਨ ਲਈ ਜਾਸੂਸੀ ਕਰਨ ਦੇ ਘੇਰੇ ’ਚ ਆਏ



ਲੰਡਨ, 10 ਫਰਵਰੀ (ਪੋਸਟ ਬਿਊਰੋ)- ਬ੍ਰਿਟੇਨ ਵਿੱਚ ਅਧਿਆਪਕਾਂ ਵੱਲੋਂ ਚੀਨ ਲਈ ‘ਜਾਸੂਸੀ’ ਕਰਨ ਦਾ ਪਰਦਾ ਫਾਸ਼ ਹੋਇਆ ਹੈ। ਓਥੋਂ ਦੀਆਂ 20 ਯੂਨੀਵਰਸਿਟੀਆਂ ਦੇ ਕਰੀਬ 200 ਅਧਿਆਪਕ ਚੀਨ ਦੀ ਮਦਦ ਕਰਨ ਲਈ ਸ਼ੱਕ ਦੇ ਘੇਰੇ ਵਿੱਚ ਆਏ ਹਨ। ਇਨ੍ਹਾਂ ਸਾਰਿਆਂ 'ਤੇ ਜੇਲ ਜਾਣ ਦਾ ਖਤਰਾ ਮੰਡਰਾਉਣ ਲੱਗਾ ਹੈ।

ਖੁਫੀਆ ਅਧਿਕਾਰੀ ਇਸ ਗੱਲ ਦੀ ਜਾਂਚ ਕਰ ਰਹੇ ਹਨ ਕਿ ਕਿਤੇ ਇਨ੍ਹਾਂ ਟੀਚਰਾਂ ਨੇ ਧੋਖੇ ਨਾਲ ਚੀਨ ਨੂੰ ਤਬਾਹੀ ਮਚਾਉਣ ਵਾਲੇ ਹਥਿਆਰ ਬਣਾਉਣ ਵਿੱਚ ਮਦਦ ਤਾਂ ਨਹੀਂ ਕੀਤੀ।ਆਕਸਫੋਰਡ ਯੂਨੀਵਰਸਿਟੀ ਵੀ ਵਿਵਾਦ ਵਾਲੀ ਚੀਨੀ ਕੰਪਨੀ ਤੋਂ ਸੱਤ ਲੱਖ ਪੌਂਡ ਡੋਨੇਸ਼ ਨੂੰ ਲੈ ਕੇ ਵਿਵਾਦਾਂ ਵਿੱਚ ਆ ਗਈ ਹੈ। ਇਸ ਯੂਨੀਵਰਸਿਟੀ ਨੇ ਚੀਨ ਦੀ ਸਾਫਟਵੇਅਰ ਕੰਪਨੀ ਟੈਨਸੈਂਟ ਤੋਂ ਸੱਤ ਲੱਖ ਪੌਂਡ ਡੋਨੇਸ਼ਨ ਲੈਣ ਦੇ ਬਦਲੇ ਵੱਕਾਰੀ ‘ਪ੍ਰੋਫੈਸਰ ਆਫ ਫਿਜ਼ਿਕਸ’ ਦਾ ਨਾਂ ਬਦਲਣ ਦਾ ਫੈਸਲਾ ਕੀਤਾ ਹੈ। ਸਾਲ 1990 ਤੋਂ ਬਾਅਦ ਯੂਨੀਵਰਸਿਟੀ ਵਿੱਚ ਇਸ ਨੂੰ ‘ਦਿ ਵਯਕੇਹਮ ਚੇਅਰ ਆਫ ਫਿਜ਼ਿਕਸ’ ਦੇ ਨਾਮ ਨਾਲ ਜਾਣਿਆ ਜਾਂਦਾ ਸੀ ਅਤੇ ਅੱਗੇ ਤੋਂ ਇਸ ਨੂੰ ਟੈਨਸੈਂਟ-ਵਯ-ਕੇਹਮ ਚੇਅਰ ਦੇ ਨਾਂ ਨਾਲ ਜਾਣਿਆ ਜਾਵੇਗਾ। ਟੈਨਸੈਂਟ ਦਾ ਚੀਨੀ ਕਮਿਊਨਿਸਟ ਪਾਰਟੀ ਦੀ ਖੁਫੀਆ ਬ੍ਰਾਂਚ ਨਾਲ ਡੂੰਘਾ ਸਬੰਧ ਜੁੜਦਾ ਹੈ।ਬ੍ਰਿਟਿਸ਼ ਅਧਿਕਾਰੀ ਇਨ੍ਹਾਂ ਅਧਿਆਪਕਾਂ ਦੀ ਇਸ ਗੱਲ ਦੀ ਜਾਂਚ ਕਰ ਰਹੇ ਹਨ ਕਿ ਉਨ੍ਹਾਂ ਰਾਸ਼ਟਰੀ ਸੁਰੱਖਿਆ ਲਈ ਬਣਾਏ ਕਾਨੂੰਨ ਅਤੇ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਕੀਤੀ ਹੈ ਜਾਂ ਨਹੀਂ। ਇਨ੍ਹਾਂ 'ਤੇ ਐਕਸਪੋਰਟ ਕੰਟਰੋਲ ਆਰਡਰ 2008 ਦੀ ਉਲੰਘਣ ਦਾ ਸ਼ੱਕ ਹੈ। ਜੇ ਅਧਿਆਪਕਾਂ ਨੂੰ ਦੋਸ਼ੀ ਪਾਇਆ ਗਿਆ ਤਾਂ ਉਨ੍ਹਾਂ ਨੂੰ 10 ਸਾਲ ਜੇਲ੍ਹ ਦੀ ਸਜ਼ਾ ਹੋ ਸਕਦੀ ਹੈ।

# ਪਾਲਣ ਦੀਆਂ ਦਿੱਕਤਾਂ ਕਾਰਨ ਚੀਨ ਵਿੱਚ ਬੱਚੇ ਪੈਦਾ ਕਰਨੋਂ ਪਿੱਛੇ ਹਟ ਰਹੇ ਲੋਕ



ਬਲੂਮਬਰਗ, 10 ਫਰਵਰੀ (ਪੋਸਟ ਬਿਊਰੋ)- ਦੁਨੀਆ ਵਿੱਚ ਪ੍ਰਸਾਰਵਾਦੀ ਰਵੱਈਆ ਰੱਖਣ ਵਾਲਾ ਚੀਨ ਭਾਵੇਂ ਹੀ ਇੱਕ ਬੱਚਾ ਨੀਤੀ ਤੋਂ ਪਿੱਛੇ ਹਟ ਗਿਆ ਹੋਵੇ, ਪਰ ਆਬਾਦੀ ਵਧਣ ਦਾ ਨਾਂਅ ਨਹੀਂ ਲੈ ਰਹੀ।

ਸਾਲ 2020 ਵਿੱਚ ਚੀਨ ਵਿੱਚ ਬੱਚਿਆਂ ਦੀ ਜਨਮ ਦਰ ਵਿੱਚ ਕਾਫੀ ਗਿਰਾਵਟ ਦੇਖੀ ਗਈ। ਚੀਨ ਦੀ ਮਨਿਸਟਰੀ ਆਫ ਪਬਲਿਕ ਸਕਿਊਰਿਟੀ ਨੇ ਦੱਸਿਆ ਕਿ ਬੀਤੇ ਸਾਲ 2020 ਵਿੱਚ ਜਨਮ ਦਰ ਵਿੱਚ 14.8 ਫੀਸਦੀ ਦੀ ਕਮੀ ਆਈ ਹੈ।ਮੰਤਰਾਲੇ ਮੁਤਾਬਕ ਬੀਤੇ ਸਾਲ ਕੁੱਲ ਇੱਕ ਕਰੋੜ 35 ਹਜ਼ਾਰ ਬੱਚਿਆਂ ਦਾ ਜਨਮ ਹੋਇਆ ਸੀ। ਉਸ ਤੋਂ ਇੱਕ ਸਾਲ ਪਹਿਲਾਂ 2019 ਵਿੱਚ ਇੱਕ ਕਰੋੜ ਪੌਣੇ ਦੋ ਲੱਖ ਬੱਚੇ ਜਨਮੇ ਸਨ। ਜਨਮ ਦਰ ਵਿੱਚ ਇਹ 72 ਸਾਲਾਂ ਦੀ ਵੱਡੀ ਗਿਰਾਵਟ ਹੈ। ਇਸ ਤੋਂ ਪਹਿਲਾਂ ਵੱਡੀ ਗਿਰਾਵਟ 1949 ਵਿੱਚ ਹੋਈ ਸੀ। ਜਨਮ ਵਿੱਚ ਕਮੀ ਆਉਣ ਦੇ ਪਿੱਛੇ ਦੀ ਵਜ੍ਹਾ ਚੀਨ ਵਿੱਚ ਲੰਮੇ ਸਮੇਂ ਤੱਕ (2015 ਤੱਕ) ਇੱਕ ਬੱਚੇ ਦੀ ਨੀਤੀ ਦਾ ਲਾਗੂ ਰਹਿਣਾ ਹੈ। ਇਸ ਨਾਲ ਲੋਕ ਬੱਚਿਆਂ ਦੇ ਜਨਮ ਨੂੰ ਲੈ ਕੇ ਉਤਸੁਕ ਨਹੀਂ ਹਨ। ਓਥੇ ਕੰਮਕਾਜੀ ਆਬਾਦੀ ਘਟ ਗਈ ਹੈ। ਬਹੁਤੇ ਜੋੜੇਸੋਚਦੇ ਹਨ ਕਿ ਬੱਚਿਆਂ ਦੇ ਪਾਲਣ-ਪੋਸ਼ਣ, ਸਿਹਤ, ਸਿੱਖਿਆ, ਘਰਾਂ ਦੀ ਸਮੱਸਿਆ ਵਧਦੀ ਜਾਂਦੀ ਹੈ। ਇਸ ਕਾਰਨ ਲੋਕ ਪਰਵਾਰ ਵਧਾਉਣਾ ਨਹੀਂ ਚਾਹੁੰਦੇ। ਇਨ੍ਹਾਂ ਕਾਰਨਾਂ ਦੇ ਇਲਾਵਾ ਬੀਤੇ ਸਾਲ ਜਨਮ ਦਰ ਦੀ ਗਿਰਾਵਟ ਦੀ ਵਜ੍ਹਾ ਕੋਰੋਨਾ ਮਹਾਮਾਰੀ ਵੀ ਰਹੀ। ਕੋਰੋਨਾ ਨਾਲ ਆਰਥਿਕ ਬੇਯਕੀਨੀ ਦੀ ਹਾਲਤ ਵਿੱਚ ਸਰਕਾਰੀ ਅੰਕੜੇ ਪੈਦਾ ਹੋਣ ਵਾਲੇ ਬੱਚਿਆਂ ਦੀ ਗਿਣਤੀ ਘੱਟ ਦਰਸਾ ਰਹੇ ਹਨ। ਇਸ ਦੀ ਵਜ੍ਹਾ ਹੈ ਕਿ ਬਹੁਤ ਸਾਰੇ ਮਾਪੇ ਦੇਸ਼ ਵਿੱਚ ਲਾਗੂ ਦੋ ਬੱਚਿਆਂ ਦੀ ਨੀਤੀ ਤੇ ਜਨ ਸੰਖਿਆ ਕੰਟਰੋਲ ਨੀਤੀ ਦੇ ਕਾਰਨ ਆਪਣੇ ਬੱਚਿਆਂ ਦਾ ਰਜਿਸਟਰੇਸ਼ਨ ਨਹੀਂ ਕਰਵਾਉਂਦੇ। 2019 ਵਿੱਚ ਤਕਰੀਬਨ 1.465 ਕਰੋੜ ਬੱਚਿਆਂ ਦਾ ਜਨਮ ਹੋਇਆ ਸੀ, ਜਦ ਕਿ ਰਜਿਸਟਰੇਸ਼ਨ 1.179 ਕਰੋੜ ਦਾ ਹੀ ਹੋਇਆ।

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

# CLASSIFIEDS

Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

Call for Free Estimates
A-1 RENOVATION GTA INC
416-456-1462
OVER 15 YEARS OF SERVICE
Professionals in Completing Basements within 3 Weeks
info@a1renovationgta.com
www.a1renovationgta.com
Services: Complete Basement, Tiles, Bathrooms, Plumbing, Laminate, Hardwood Floor, Painting
A-1 RENOVATION GTA INC.
22 Listcreek Road, Brampton L6p 2n6

You can (905)793-2202
Place Your Business Here
To Reach Wider Audience

PESTAGON Ltd
PEST CONTROL SERVICES
* RESIDENTIAL * COMMERCIAL
LICENCED BY GOVERNMENT
INSURED & BONDED
EVERY SERVICE
WITH WARRANTY
SERVING GTA
CALL: 905-463-2153
Ants, Wasp, Centepede, Fleas, Bed Bugs

HOMELIFE SILVERCITY
Realty Inc. Brokerage
Kulwinder Chhina
SALES REPRESENTATIVE
647.293.2327
www.Kulwinderchhina.com

## jobs! jobs! jobs! jobs! jobs!

DUNDAS·JAFINE

# HELP WANTED

## ਕਾਮਿਆਂ ਦੀ ਲੋੜ

### ਜਨਰਲ ਲੇਬਰ ਦਾ ਕੰਮ ਉਪਲੱਬਧ ਹੈ

ਬਰੈਂਪਟਨ ਦੇ ਇਲਾਕੇ ਡੰਡਾਸ ਜੈਫਿਨ, Air Distribution Products ਦੀ Leading Manufacture company HVAC Industry ਲਈ ਫੁੱਲ ਟਾਈਮ ਪੋਜੀਸ਼ਨ ਉਪਲੱਬਧ ਹੈ।
ਤਿੰਨੋਂ ਸ਼ਿਫਟਾਂ : Day ਅਤੇ Afternoon Available ਹਨ

ਕਾਮਿਆਂ ਨੂੰ ਹੇਠ ਲਿਖੇ ਕਾਰਨ ਵਿੱਚ ਸਮਰੱਥ ਹੋਣਾ ਜ਼ਰੂਰੀ ਹੈ:
* ਸੁਤੰਤਰ ਤੌਰ ਤੇ ਕੰਮ ਕਰੋ * 20Lbs ਤੱਕ ਭਾਰ ਚੁੱਕ ਸਕਣ
* ਆਪਣੇ Safety Shoes ਹੋਣੇ ਚਾਹੀ ਦੇ ਹਨ

ਅਪਲਾਈ ਕਰਨ ਲਈ ਆਪ ਪਹੁੰਚੋ: 110 Glidden Rd., Brampton

ਜਾਂ ਫੇਰ ਈ-ਮੇਲ ਕਰੋ: jbrown@dundasjafine.com kkaur@dundasjafine.com

NU WAY TOUR & TRAVELS INC.
ਸਸਤੀਆਂ ਹਵਾਈ ਟਿਕਟਾ ਅਤੇ ਭਰੋਸੇਯੋਗ ਸੇਵਾਵਾਂ ਲੈਣ ਲਈ ਨਿਊ-ਵੇ ਨੂੰ ਕਾਲ ਕਰੋ
AIR TICKETS | CRUISES | VACATIONS | TRAVEL INSURANCE
International & Domestic Air Tickets
• Cheapest Air Fares
• Price Match Guaranteed
• 24/7 Emergency Services
• Reliable & Excellent Customer Service
• 100% Customer Satisfaction
Travel Worry Free With Insurance
• Super Visa Insurance
• Visitor to Canada
• Trip Cancellation
• Trip Interruption
Manulife
Call Us For Guaranteed Lowest Airfare ANY Airline Time Destination Around the World
7015 Tranmere Dr. Unit- 8, Mississauga, ON L5S 1T7
Tel: 905 362 0937 | Fax: 1 855 897 0900
www.nuwaytravels.com E-mail- info@nuwaytravels.com

## ਲੜਕੀ ਦੀ ਲੋੜ

Beautiful match, below 35yrs, for smart JatSikh boy, Canada PR, 39/5-11" BE/MBA, Highly paid job, R/U property in Canada/India, issueless divorcee, caste no bar, respond only with pics & details. **Whatsapp +16474968844 Email : matchjatt2018@gmail.com**

ਜੱਟ ਸਿੱਖ ਲੜਕਾ, 1994 ਕੱਦ 5 '11 , ਜੋ ਕਿ ਇੰਡੀਆ ਵਿਚ ਚੰਗੀ ਜੋਬ ਕਰਦਾ ਹੈ, ਲਈ ਕੈਨੇਡੀਅਨ ਪੀ ਆਰ, ਸਿਟੀਜਨ ਲੜਕੀ ਦੀ ਲੋੜ ਹੈ, ਸਟੱਡੀ ਵੀਜ਼ੇ ਵਾਲੇ ਵੀ ਸੰਪਰਕ ਕਰ ਸਕਦੇ ਹਨ। 416 400 2604 ਵਟਸਅੱਪ 8920619746

ਜੱਟ ਸਿੱਖ ਉਮਰ 28 ਸਾਲ ਕੱਦ 5"8 ਸਾਰੀ ਫੈਮਲੀ ਕਨੈਡਾ ਵਿਚ । ਲੜਕੇ ਨੇ 12 ਗਰੇਡ ਕੀਤੇ ਹੋਏ ਹਨ ਟਰੱਕਿੰਗ ਕੰਪਨੀ ਨਾਲ ਕੰਮ ਕਰ ਰਿਹਾ ਹੈ, ਚੰਗੀ ਆਮਦਨ ਆਪਣਾ ਘਰ ਜੋ ਕੇ ਕਿਰਾਏ ਤੇ ਦਿਤਾ ਹੈ। ਸਾਰੀ ਫੈਮਲੀ ਕੈਨੈਡਾ ਵਿਚ, ਫੈਮਲੀ ਦੇ ਨਾਲ ਹੀ ਰਹਿ ਰਿਹਾ ਹੈ। ਜਲੰਧਰ ਜਿਲ੍ਹੇ ਨੂੰ ਪਹਿਲ , ਲੜਕੀ ਸਿਟੀਜ਼ਨ, ਪੀਆਰ ਜਾਂ ਵਿਜ਼ਟਰ ਕੋਈ ਵੀ ਹੋਵੇ। ਸੰਪਰਕ : 647-948-8474 647-670-8013

ਜੱਟ ਸਿੱਖ ਗਰੇਵਾਲ ਲੜਕਾ, 1994, ਕੱਦ 6'2", ਜੋ ਕਿ ਆਸਟ੍ਰੇਲੀਆ 'ਚ ਸਟੱਡੀ ਵੀਜ਼ੇ 'ਤੇ ਰਹਿ ਰਿਹਾ ਹੈ, ਲਈ ਕੈਨੇਡਾ ਤੋਂ ਲੜਕੀ ਦੀ ਲੋੜ ਹੈ। ਲੜਕੇ ਦੀ ਇਕ ਭੈਣ ਕੈਨੇਡਾ (ਟੋਰਾਂਟੋ) ਤੇ ਦੂਸਰੀ ਭੈਣ ਆਸਟ੍ਰੇਲੀਆ 'ਚ ਸੈਟਲਡ ਹੈ। ਲੜਕੇ ਦੇ ਮਾਤਾ ਜੀ ਸੁਪਰ ਵੀਜ਼ੇ 'ਤੇ ਕੈਨੇਡਾ ਆਏ ਹੋਏ ਹਨ। ਸੰਪਰਕ:-647-772-6650, ਵਟਸ ਐਪ ਨੰਬਰ:- 99156-62207

Match for Handsome Jat Sikh boy 40/5'10"(Issueless divorce), B.Tech, M.S (USA) Working in MNC as Senior Software Engineer in the USA. Family of Doctors and Engineers. Please respond with recent pics. Email match52020@gmail.com, Whats-app: +91-9815787350

ਕੈਨੇਡਾ ਵਿੱਚ ਵੈੱਲ ਸੈਟਲਡ, ਵਿੰਨੀਪੈਗ ਰਹਿ ਰਹੇ ਕੈਨੇਡਾ ਤੋਂ ਐਮਬੀਏ ਦੀ ਡਿਗਰੀ ਪ੍ਰਾਪਤ ਗੁਲਾਟੀ ਪਰਿਵਾਰ ਦੇ 29 ਸਾਲਾ ਲੜਕੇ, ਕੱਦ 6 ਫੁੱਟ 3 ਇੰਚ ਲਈ ਲੰਮੀਂ ਉੱਚੀ ਤੇ ਪੜ੍ਹੀ ਲਿਖੀ ਯੋਗ ਕੰਨਿਆ ਦੀ ਜ਼ਰੂਰਤ ਹੈ। ਤਰਨਤਾਰਨ ਵਿੱਚ ਪਰਿਵਾਰ ਦਾ ਜਿਊਲਰੀ ਦਾ ਕਾਰੋਬਾਰ ਹੈ। ਸੰਪਰਕ: 9815908662, 9815032106,416-817-4684.

ਜੱਟ ਸਿੱਖ ਧਨੋਆ ਲੜਕਾ, ਉਮਰ 27 ਸਾਲ ਕੱਦ 5'11" ਮਿਕੈਨੀਕਲ ਇੰਜਨੀਅਰ ਅੰਮ੍ਰਿਤਧਾਰੀ ਵਿਜ਼ਿਟਰ ਵੀਜ਼ੇ ਉਤੇ ਆਏ, ਲਈ PR/Citizen/Studentਲੜਕੀ ਦੀ ਲੋੜ ਹੈ। ਲੜਕਾ ਆਪਣੇ ਮਾਮਾ-ਮਾਮੀ ਕੋਲ ਰਹਿ ਰਿਹਾ ਹੈ। ਤਲਾਕਸੁਦਾ ਉਤੇ ਵੀ ਗੌਰ ਕੀਤੀ ਜਾ ਸਕਦੀ ਹੈ। (Studentਦਾ ਖਰਚਾ ਵੀ ਕਰ ਸਕਦੇ ਹਾਂ) ਲੜਕੇ ਦਾ ਭਰਾ ਆਸਟ੍ਰੇਲੀਆ ਰਹਿ ਰਿਹਾ ਹੈ। ਸੰਪਰਕ: 416-708-4100

ਜੱਟ ਸਿੱਖ ਲੜਕਾ, ਉਮਰ 28 ਸਾਲ, ਕੱਦ 5'10", Dentist, MBAਆਸਟਰੇਲੀਆ ਵਿੱਚ ਵੱਰਕ ਪਰਮਿਟ ਤੇ ਰਹਿੰਦੇ ਲੜਕੇ ਲਈ ਵਧੀਆ ਪੜ੍ਹੀ-ਲਿਖੀ ਲੜਕੀ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ :647-280-6503 । +91-98142-02918 (Whatsapp)

Seeking a suitable match for their son, never married, 43 years, 6' tall, fair, Ramdasia Gursikh, Amritdhari, Canadian citizen. Father class 1 retied officer and well settled family. Serious queries please respond on email sukhi_cancer@yahoo.com or call 416-721-5191 or 647-308-4411(contact after 5 pm)




## ਲੜਕੀ ਦੀ ਲੋੜ

ਸਿੱਖ ਅਰੋੜਾ ਲੜਕਾ, ਇਸ ਸਮੇਂ ਵਿਜ਼ਿਟਰ ਵੀਜ਼ੇ 'ਤੇ ਕੈਨੇਡਾ ਵਿਚ, ਯੋਗ ਕੰਨਿਆ ਦੀ ਜ਼ਰੂਰਤ ਹੈ। ਲੜਕੇ ਦੀ ਭੈਣ ਕੈਨੇਡਾ ਦੀ ਪੀ.ਆਰ. ਹੈ। ਪੰਜਾਬ ਵਿਚ ਚੰਗੀ ਜ਼ਮੀਨ ਅਤੇ ਬਿਜ਼ਨਸ ਹੈ। ਪਹਿਲੀ ਪਤਨੀ ਦੀ ਮੌਤ ਹੋ ਚੁੱਕੀ ਹੈ ਅਤੇ ਉਸ ਦਾ ਦੋ ਸਾਲ ਦਾ ਬੇਟਾ ਵੀ ਹੈ। ਜਾਤੀ ਬੰਧਨ ਨਹੀਂ। ਲੜਕੀ ਕੈਨੇਡਾ ਦੀ ਪੀ.ਆਰ. ਜਾਂ ਸਿਟੀਜਨ ਹੋਵੇ। ਸੰਪਰਕ: 647-625-5706

* ਜੱਟ ਸਿੱਖ ਲੜਕਾ, ਉਮਰ 28 ਸਾਲ, ਕੱਦ 5 ਫੁੱਟ 4 ਇੰਚ ਲਈ ਪਰਿਵਾਰਕ ਲੜਕੀ ਦੀ ਲੋੜ ਹੈ। ਲੜਕਾ ਪਿਛਲੇ 6 ਸਾਲਾਂ ਤੋਂ ਕੁਕਿੰਗ ਦਾ ਕੰਮ ਕਰਦਾ ਹੈ ਤੇ ਕੈਨੇਡਾ ਵਿਚ ਵਿਜ਼ਿਟਰ ਵੀਜ਼ੇ ਉਤੇ ਕੈਂਬਰਿਜ ਗੁਰਦੁਆਰਾ ਸਾਹਿਬ ਵਿਖੇ ਕੁੱਕ ਦੀ ਸੇਵਾ ਕਰਦਾ ਹੈ। ਵਧੇਰੇ ਜਾਣਕਾਰੀ ਲਈ ਸੰਪਰਕ ਕਰੋ:- 647-852-7532 ਅਤੇ 647-637-4035

* ਹਿੰਦੂ ਖਤਰੀ ਲੜਕਾ, ਕੱਦ 5'8", ਉੱਮਰ 28 ਸਾਲ, ਰੰਗ ਸਾਫ, ਯੋਗਤਾ ਬੈਚਲਰ ਇਨ ਹੋਸਪੀਟੇਲਟੀ ਮਨੇਜਮੈਂਟ। ਓਬਰਾਏ, ਤਾਜ ਵਰਗੇ ਚੰਗੀ ਕੰਪਨੀਆਂ ਵਿੱਚ 8 ਸਾਲ ਕੰਮ ਦਾ ਤਜ਼ਰਬਾ ਅਤੇ ਇੰਡੀਆ ਵਿੱਚ ਚੰਗੀ ਜੋਬ ਕਰਦੇ ਲੜਕੇ ਲਈ ਕੈਨੇਡੀਅਨ ਪੀ ਆਰ ਜਾਂ ਵਰਕ ਪਰਮਟ ਹੋਲਡਰ ਲੜਕੀ ਦੀ ਲੋੜ ਹੈ। ਪੰਜਾਬ ਭਾਖੜਾ ਨੰਗਲ ਨਾਲ ਸੰਬੰਧ ਰੱਖਦੇ ਹਨ। ਵਧੇਰੀ ਜਾਣਕਾਰੀ ਲਈ ਕਾਲ ਜਾਂ ਵਟਸਐਪ ਕਰੋ:+91-94173-58712

* ਸੁੰਨਿਆਰਾ ਲੜਕਾ, ਉੱਮਰ 25 ਸਾਲ, ਕੱਦ 5'8", ਕੈਨੇਡੀਅਨ ਸਿਟੀਜ਼ਨ, ਵੈਲ ਸੇਟਲਡ, ਆਪਣਾ ਕਾਰੋਬਾਰ ਲਈ ਕੈਨੇਡੀਅਨ/ਅਮਰੀਕਨ ਸਿਟੀਜਨ ਜਾਂ ਪੀ ਆਰ ਲੜਕੀ ਦੀ ਲੋੜ ਹੈ। ਸਟੂਡੈਂਟ ਜਾਂ ਵਰਕ ਪਰਮਟ ਹੋਲਡਰ ਵੀ ਸੰਪਰਕ ਕਰ ਸਕਦੇ ਹਨ। ਕਿਰਪਾ ਕਰਕੇ ਆਪਣੇ ਬਰਾਦਰੀ ਵਾਲੇ ਹੀ ਸੰਪਰਕ ਕਰਨ। ਕਾਲ : 647-739-3600 ।

* ਅਰੋੜਾ ਸਿੱਖ ਲੜਕਾ, ਉੱਮਰ 36 ਸਾਲ, ਕੱਦ 5'11',ਕੇਨੈਡਾ ਵਿੱਚ ਵਰਕ ਪਰਮਿਟ ਤੇ ਰਹਿ ਰਿਹਾ ਅਤੇ ਚੰਗੀ ਜੋਬ ਕਰ ਰਹੇ ਲੜਕੇ ਲਈ ਘਰੇਲੂ ਅਤੇ ਪੀ ਆਰ/ ਵਰਕ ਪਰਮਿਟ ਲੜਕੀ ਦੀ ਲੋੜ ਹੈ। ਕਿਰਪਾ 30 ਤੋ ਵੱਧ ਉਮਰ ਦੀਆਂ ਲੜਕੀਆਂ ਹੀ ਸੰਪਰਕ ਕਰਨ। ਸਟੂਡੈਂਟ ਵੀ ਸੰਪਰਕ ਕਰ ਸਕਦੇ ਹਨ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ: 431-998-8022

* ਜੱਟ ਸਿਖ ਲੜਕਾ, ਉੱਮਰ 27 ਸਾਲ, ਕੱਦ 5'11", ਕੈਨੇਡਾ ਵਿਚ ਪੀ ਆਰ ਹੈ ਅਤੇ ਚੰਗੀ ਜੋਬ ਕਰਦੇ ਲੜਕੇ ਲਈ ਪੜੀ ਲਿਖੀ ਅਤੇ ਘਰੇਲੂ ਲੜਕੀ ਦੀ ਲੋੜ ਹੈ। ਸਟੂਡੈਂਟ ਵੀ ਸੰਪਰਕ ਕਰ ਸਕਦੇ ਹਨ। ਓਹੀ ਸੰਪਰਕ ਕਰਨ ਜੋ ਲੜਕੇ ਦੇ ਦੁਬਈ ਰਹਿੰਦੇ ਭਰਾ ਦਾ ਕੈਨੇਡਾ ਰਿਸ਼ਤਾ ਕਰਵਾ ਸਕਣ। ਕਾਲ ਕਰੋ ਲੋਕਲ: (587)-936-0127 ਜਾਂ ਇੰਡੀਆ: +91-94179-16049

* ਜੱਟ ਸਿੱਖ ਲੜਕਾ, ਉੱਮਰ 28 ਸਾਲ, ਕੱਦ 5'7", ਕੈਨੇਡਾ ਵਿੱਚ ਵਰਕ ਪਰਮਿਟ ਤੇ ਰਹਿ ਰਿਹਾ ਅਤੇ ਚੰਗੀ ਜੋਬ ਕਰਦੇ ਲੜਕੇ ਲਈ ਪੀ ਆਰ ਜਾਂ ਸਿਟੀਜਨ , ਪੜੀ ਲਿਖੀ ਅਤੇ ਘਰੇਲੂ ਲੜਕੀ ਦੀ ਲੋੜ ਹੈ। ਲੜਕੇ ਦਾ ਸਾਰਾ ਪਰਿਵਾਰ ਕੇਨੈਡਾ ਵਿੱਚ ਪੀ ਆਰ ਅਤੇ ਵਧੀਆ ਸੈਟਲਡ ਹੈ। ਪੰਜਾਬ ਤੋਂ ਮਾਝੇ ਜਿਲ੍ਹੇਂ ਨੂੰ ਪਹਿਲ ਦਿੱਤੀ ਜਾਵੇਗੀ। ਕਾਲ ਕਰੋ: 716-536-1939 ਜਾਂ ਵਟਸਐਪ ਕਰੋ: +91-98144-90449

## ਲੜਕੇ ਦੀ ਲੋੜ

Beautiful,well educated, 28 years old Punjabi Lubana girl, BSc software engineering from London England,project management from Canada,currently working with Suncor Company,PR IN CANADA. Looking for Sikh Sardar well educated Boy,cast no Bar,from Canada. Contact number 3238 470 404

**"Jat Sikh family seeking suitable match for their daughter 37 year 6 ft. tall, well versed with both cultures. Born & raised in Canada, did her medicine degree & residency (double in Emergency & Internal Medicine) in USA. A green card holder and willing to come to Canada as the opportune prevail. Please contact (519) 351-8043 or B200348@gmail.com"**

Seeking a suitable match for Canadian born punjabi tonk kshatriya girl, 36 yrs old, 5'3", educated in accounting. Boy should be vegetarian and educated. No caste bar. Please send complete biodata and pictures at: canadian.alliance@yahoo.ca

ਜੱਟ ਸਿੱਖ ਢਿੱਲੋ ਲੜਕੀ, ਉਮਰ 31 ਸਾਲ, ਕੱਦ 5'-3", ਪੜ੍ਹੀ-ਲਿਖੀ ਤੇ ਕੈਨੇਡਾ ਵਿੱਚ P.R ਲੜਕੀ ਲਈ ਪੜ੍ਹਿਆ-ਲਿਖੀਆ P.R ਜਾਂ Work Permit/Visitor Visa ਤੇ ਆਏ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 28 ਸਾਲ ਤੋ ਘੱਟ ਨਾ ਹੋਵੇ ਤੇ ਨਸ਼ਿਆ ਤੋਂ ਰਹਿਤ ਹੋਵੇ। ਮਾਲਵੇ ਨੂੰ ਪਹਿਲ। ਸੰਪਰਕ ਕਰੋ: +91 98881-21412 ਜਾਂ +91 97802-16716

ਰਸੂਖ਼ਦਾਰ ਪੰਜਾਬੀ ਖੱਤਰੀ ਪਰਿਵਾਰ ਦੀ ਖ਼ੂਬਸੂਰਤ ਤੇ ਚੰਗੀ ਪੜ੍ਹੀ ਲਿਖੀ ਲੜਕੀ ਲਈ ਵੈੱਲਸੈਟਲਡ ਤੇ ਯੋਗ ਵਰ ਦੀ ਭਾਲ ਹੈ। ਲੜਕੀ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਜੀਆਈਐਸ ਐਂਡ ਰਿਮੋਟ ਸੈਂਸਿੰਗ ਵਿੱਚ ਪੋਸਟ ਗ੍ਰੈਜੂਏਟ ਹੈ। ਲੜਕੀ ਦੀ ਉਮਰ 29 ਸਾਲ, ਕੱਦ 5 ਫੁੱਟ 1 ਇੰਚ ਹੈ। ਲੜਕੀ ਸੁਸ਼ੀਲ ਤੇ ਪਰਿਵਾਰਪੱਖੀ ਸੋਚ ਰੱਖਣ ਵਾਲੀ ਹੈ। ਲੜਕੀ ਭਾਰਤ ਦੀ ਨਾਗਰਿਕ ਹੈ ਤੇ ਇਸ ਸਮੇਂ ਭਾਰਤ ਵਿੱਚ ਹੀ ਹੈ। ਭਰਾ ਦਾ ਪਰਿਵਾਰ ਸਥਾਈ ਤੌਰ ਉੱਤੇ ਟੋਰਾਂਟੋ ਸੈਟਲਡ ਹੈ। ਇਸ ਸਮੇਂ ਪਿਤਾ ਟੋਰਾਂਟੋ ਵਿੱਚ ਹਨ। ਸੰਪਰਕ : 416-890-2725 (ਪਿਤਾ), 416-457-8631 (ਭਰਾ), email- mthapar21@gmail.com

## ਲੜਕੇ ਦੀ ਲੋੜ

ਜੱਟ ਸਿੱਖ ਧਾਲੀਵਾਲ ਕੱਦ 5 ਫੁੱਟ 6 ਇੰਚ, ਉਮਰ 25 ਸਾਲ ਐਮਐਸਸੀ ਮੈਥ, ਇੰਡੀਆ ਵਿਚ ਰਹਿ ਰਹੀ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਇਮੀਗ੍ਰਾਂਟ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਲੜਕੀ ਆਈਲਟਸ ਦਾ ਕੋਰਸ ਕਰ ਰਹੀ ਹੈ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰ ਉਤੇ ਸੰਪਰਕ ਕੀਤਾ ਜਾ ਸਕਦਾ ਹੈ। 613-799-8090, ਈਮੇਲ- Singhmanmohan2006@gmail.com

ਜੱਟ ਸਿੱਖ ਲੜਕੀ, 35 ਸਾਲ, ਕੱਦ 5'3", ਵਿਜੀਟਰ ਵੀਜ਼ੇ ਤੇ ਆਈ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਪੀ ਆਰ ਲੜਕੇ ਦੀ ਲੋੜ ਹੈ। ਕਾਲ 647-456-1772

ਜੱਟ ਸਿੱਖ ਗਿਲ ਲੜਕੀ, ਜਨਮ 1991, ਕੱਦ 5'-4", Btech Electrical, ਕੈਨੇਡੀਅਨ ਪੀ ਆਰ ਲਈ ਗੁਰਸਿੱਖ, ਪੜੇ ਲਿੱਖੇ ਅਤੇ ਸੈਟਲਡ ਲੜਕੇ ਦੀ ਲੋੜ ਹੈ। ਲੜਕੀ ਦਾ ਸਾਰਾ ਪਰਿਵਾਰ ਇੰਡੀਆ ਵਿੱਚ ਰਹਿੰਦਾ ਹੈ। ਇੰਡੀਆ ਰਹਿੰਦੇ ਲੜਕੇ ਵੀ ਸੰਪਰਕ ਕਰ ਸਕਦੇ ਹਨ। ਸੰਪਰਕ ਕਰੋ: +91-94640-34653




Seeking a suitable match for Canadian born punjabi tonk kshatriya girl, 35 yrs old, 5'3", educated in accounting. Boy should be vegetarian and educated. No caste bar. Please send complete biodata and pictures at: canadian.alliance@yahoo.ca

ਸਿੱਖ ਲੜਕੀ, ਉਮਰ 24 ਸਾਲ, ਕੱਦ 5 ਫੁਟ 3 ਇੰਚ, ਇੰਡੀਆ ਵਿਚ ਰਹਿੰਦੀ, ਯੋਗਤਾ ਐਮ.ਕਾਮ. ਤੇ ਕਾਲਜ ਵਿਚ ਲੈਕਚਰਾਰ ਦੀ ਨੌਕਰੀ ਕਰ ਰਹੀ ਹੈ। ਨੈਨੀ ਦਾ ਕੋਰਸ ਕੀਤਾ ਹੋਇਆ ਹੈ। ਰੰਗ ਸਾਫ਼, ਸੋਹਣੀ ਸੁਨੱਖੀ ਲੜਕੀ ਲਈ ਕੈਨੇਡੀਅਨ ਪੀ.ਆਰ. ਸਿੱਖ ਲੜਕੇ ਦੀ ਲੋੜ ਹੈ। ਜਾਤੀ ਬੰਧਨ ਨਹੀਂ। ਲੜਕੀ ਦੇ ਭੂਆ ਜੀ ਕੈਨੇਡਾ ਵਿਚ ਸੈਟਲਡ ਹਨ। ਸੰਪਰਕ: 905-749-1654




UPPAL LAW
IMMIGRATION SERVICES
* Visitor Visa
* Super Visa
* Study,Work,Visitor Extension Visa
* Family Sponsorship
* Permanent Residence Card Renewal
* Citizenship Application
* Spousal Applications
* All Invitation Letters
AVTAR UPPAL
Manager
OTHER PRACTICES
* Criminal Law
* Family Law
* Power of Attorney
* Change of Name
* Notarization
* Travel Consent
* Affidavit
* Landlord and Tenant Matters
AMAN UPPAL
Barrister,Solicitor
FREE Consultation
Tel: 905-500-1507
351 Parkhurst Square, # 16,
Brampton,ON L6T 0C2, Fax: 905-672-7848
* PRIOR APPOINTMENT NECESSARY

ਫੋਨਾਂ ਦੇ ਸਸਤੇ ਪਲਾਨ ਗਾਰੰਟਿਡ
ਸਸਤੇ ਫੋਨਾਂ ਦੇ ਪਲਾਨ, ਕਿ ਸੁਣ ਕੇ ਹੋ ਜਾਓਗੇ ਹੈਰਾਨ,
ਇਕ ਵਾਰੀ ਅਜਮਾਓ ਤੇ ਫਿਰ ਹੋਰਾਂ ਨੂੰ ਵੀ ਲਿਆਓਂ
15 ਸਾਲਾਂ ਤੋ ਇਕੋ ਨਾਮ-ਇਕੋ ਦੁਕਾਨ
(905)790-9999
2565 Steeles Ave. E, Brampton (Steeles/Torbram)

STARLANE PAINTING
Residential • Commercial • Industrial
• Hotel • Motel • Exterior
• Interior • Spray Painting
• Office Painting • Drywall Fixing
ਘਰ ਹੋਵੇ ਜਾਂ ਹੋਵੇ ਦੁਕਾਨ ਅਸੀ ਵਧਾਈਏ ਰੰਗਾਂ ਨਾਲ ਉਸ ਦੀ ਸ਼ਾਨ
7 Days a Week
Call For FREE Estimate
ਹਰ ਤਰ੍ਹਾਂ ਦੀ ਵਧੀਆ ਪੇਂਟਿੰਗ ਲਈ 20 ਸਾਲਾਂ ਤੋਂ ਵੀ ਵੱਧ ਤਜਰਬੇਕਾਰ ਹਰਜੀਤ ਨੂੰ ਕਾਲ ਕਰੋ
416.230.4000 • 647.409.1092
www.STARLANEPAINTING.com

